



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Thursday 26 March, 2026 | website: www.cee7news.com


## ਬਰਸੀ ਮਨਾਉਣ ਲਈ ਇੱਕ ਵੱਡਾ ਸਿੱਖ ਜਥਾ ਪਾਕਿਸਤਾਨ ਭੇਜਣ ਦੀ ਤਿਆਰੀਆਂ ਸ਼ੁਰੂ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵੱਲੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਮਨਾਉਣ ਲਈ ਇੱਕ ਵੱਡਾ ਸਿੱਖ ਜਥਾ ਪਾਕਿਸਤਾਨ ਭੇਜਣ ਦੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਲਈ ਸੰਗਤ ਤੋਂ ਪਾਸਪੋਰਟ ਮੰਗੇ ਗਏ ਹਨ। ਐੱਸਜੀਪੀਸੀ ਸਕੱਤਰ ਐੱਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਵੰਡ ਵੇਲੇ ਵੱਖ ਹੋਏ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਸੰਗਤ ਹਮੇਸ਼ਾ ਅਰਦਾਸ ਕਰਦੀ ਰਹਿੰਦੀ ਹੈ। ਭਾਰਤ ਸਰਕਾਰ ਵੱਲੋਂ ਨਿਰਧਾਰਤ ਪ੍ਰੋਟੋਕੋਲ ਅਨੁਸਾਰ ਹਰ ਸਾਲ ਚਾਰ ਜਥੇ ਪਾਕਿਸਤਾਨ ਭੇਜੇ ਜਾਂਦੇ ਹਨ। ਇਨ੍ਹਾਂ ਵਿਚੋਂ ਤੀਜਾ ਜਥਾ ਖਾਸ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਮੌਕੇ ਭੇਜਿਆ ਜਾਂਦਾ ਹੈ।

ਇਸ ਵਾਰ ਇਹ ਜਥਾ ੨੧ ਜੂਨ ੨੦੨੬ ਨੂੰ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋਵੇਗਾ। ਯਾਤਰਾ ਦਾ ਪ੍ਰੋਗਰਾਮ ਇਸ ਤਰ੍ਹਾਂ ਹੈ : ਪਹਿਲੀ ਦਿਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚ ਕੇ ਰਾਤ ਰੁਕਣਾ, ਦੂਜੇ ਦਿਨ ਗੁਰਦੁਆਰਾ ਸੱਚਾ ਸੌਦਾ (ਮੰਡੀ ਚੂਰਕਾਣਾ) ਦੇ ਦਰਸ਼ਨ ਕਰਕੇ ਵਾਪਸ ਨਨਕਾਣਾ ਸਾਹਿਬ ਆਉਣਾ, ਤੀਜੇ ਦਿਨ ਸ੍ਰੀ ਪੰਜਾ ਸਾਹਿਬ ਯਾਤਰਾ, ਚੌਥੇ ਦਿਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਛੇਵੀਂ ਤਾਰੀਖ ਨੂੰ ਗੁਰਦੁਆਰਾ ਰੋਰੀ ਸਾਹਿਬ (ਏਮੀਨਾਬਾਦ) ਅਤੇ ਸ਼ਾਮ ਨੂੰ ਲਾਹੌਰ ਵਿਖੇ ਗੁਰਦੁਆਰਾ ਸ੍ਰੀ ਦੇਰਾ ਸਾਹਿਬ ਪਹੁੰਚਣਾ। ਫਿਰ ੨੯ ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਸੋਗਮਈ ਢੰਗ ਨਾਲ ਮਨਾਈ ਜਾਵੇਗੀ ਅਤੇ ੩੦ ਜੂਨ ਨੂੰ ਭਾਰਤ ਵਾਪਸੀ ਹੋਵੇਗੀ।

ਐੱਸਜੀਪੀਸੀ ਨੇ ਕੁੱਲ ੫੦੦ ਯਾਤਰੀਆਂ ਦੀ ਆਬਜੈਕਟ ਵਿਚੋਂ ੩੦੦ ਥਾਂਵਾਂ ਆਪਣੇ ਲਈ ਰਾਖਵੀਆਂ ਰੱਖੀਆਂ ਹਨ। ਇਸ ਲਈ ਨਾਨਕ ਨਾਮ ਲੇਵਾ ਸੰਗਤ ਦੇ ਭਰਾ-ਭੈਣਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਪਾਸਪੋਰਟ ੩੧ ਮਾਰਚ ੨੦੨੬ ਤੱਕ ਐੱਸਜੀਪੀਸੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਦੇਣ। ਇਸ ਨਾਲ ਆਧਾਰ ਕਾਰਡ ਦੀ ਫੋਟੋ ਕਾਪੀ ਅਤੇ ਆਪਣੇ ਹਲਕਾ ਮੈਂਬਰ ਵੱਲੋਂ ਤਸਦੀਕ ਵੀ ਲੋੜੀਂਦੀ ਹੈ ਤਾਂ ਜੋ ਵੀਜ਼ਾ ਪ੍ਰਕਿਰਿਆ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਜਾਂਚ ਵੇਲੇ ਕੋਈ ਰੁਕਾਵਟ ਨਾ ਆਵੇ। ਇਸ ਤਰ੍ਹਾਂ ਯਾਤਰਾ ਸੁਚਾਰੂ ਢੰਗ ਨਾਲ ਪੂਰੀ ਹੋ ਸਕੇਗੀ।

## ਸੋਨੀਆ ਗਾਂਧੀ ਦੀ ਵਿਗੜੀ ਸਿਹਤ, ਛਾਤੀ ਵਿੱਚ ਇਨਫੈਕਸ਼ਨ



ਕਾਂਗਰਸ ਦੀ ਸੀਨੀਅਰ ਨੇਤਾ ਅਤੇ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਦੀ ਸਿਹਤ ਅਚਾਨਕ ਵਿਗੜ ਗਈ ਹੈ। ਉਨ੍ਹਾਂ ਨੂੰ ਮੰਗਲਵਾਰ ਰਾਤ 11:15 ਵਜੇ ਦੇ ਕਰੀਬ ਦਿੱਲੀ ਦੇ ਮਸ਼ਹੂਰ ਸਰ ਗੰਗਾ ਰਾਮ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਖਬਰਾਂ ਮੁਤਾਬਕ ਉਨ੍ਹਾਂ ਨੂੰ ਛਾਤੀ ਵਿੱਚ ਇਨਫੈਕਸ਼ਨ ਅਤੇ ਸਾਹ ਲੈਣ ਵਿੱਚ ਤਕਲੀਫ ਹੋਣ ਕਾਰਨ ਹਸਪਤਾਲ ਲਿਜਾਇਆ ਗਿਆ। ਹਸਪਤਾਲ ਸੂਤਰਾਂ ਅਨੁਸਾਰ ਉਨ੍ਹਾਂ ਦੀ ਹਾਲਤ ਇਸ ਵੇਲੇ ਸਥਿਰ ਹੈ ਅਤੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਨਿਗਰਾਨੀ ਕਰ ਰਹੀ ਹੈ।

ਇਸ ਖਬਰ ਤੋਂ ਬਾਅਦ ਕਾਂਗਰਸ ਪਾਰਟੀ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਸੋਨੀਆ ਗਾਂਧੀ ਦੇ ਪੁੱਤਰ ਰਾਹੁਲ ਗਾਂਧੀ ਅਤੇ ਧੀ ਪ੍ਰਿਅੰਕਾ ਗਾਂਧੀ ਵਾਡਰਾ ਹਸਪਤਾਲ ਵਿੱਚ ਮੌਜੂਦ ਹਨ ਅਤੇ ਉਨ੍ਹਾਂ ਦੀ ਮਾਂ ਨਾਲ ਵਕਤ ਬਿਤਾ ਰਹੇ ਹਨ। ਪਰਿਵਾਰਕ ਮੈਂਬਰਾਂ ਨੇ ਡਾਕਟਰਾਂ ਨਾਲ ਗੱਲਬਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਸਥਿਤੀ ਨਿਯੰਤਰਣ ਵਿੱਚ ਹੈ।

ਸੋਨੀਆ ਗਾਂਧੀ 78 ਸਾਲ ਦੀ ਉਮਰ ਵਿੱਚ ਹਨ ਅਤੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਸਾਹ ਨਾਲ ਜੁੜੀਆਂ ਸਮੱਸਿਆਵਾਂ ਆਈਆਂ ਹਨ। ਜਨਵਰੀ 2026 ਵਿੱਚ ਵੀ ਉਨ੍ਹਾਂ ਨੂੰ ਇਸੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ ਜਦੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ ਮਹਿਸੂਸ ਹੋਈ ਸੀ। ਉਸ ਵੇਲੇ ਵੀ ਠੰਡ ਅਤੇ ਪ੍ਰਦੂਸ਼ਣ ਕਾਰਨ ਇਸ ਤਰ੍ਹਾਂ ਦੀ ਸਮੱਸਿਆ ਆਈ ਸੀ। ਇਸ ਵਾਰ ਵੀ ਮੌਸਮੀ ਤਬਦੀਲੀ ਅਤੇ ਛਾਤੀ ਵਾਲੀ ਇਨਫੈਕਸ਼ਨ ਨੂੰ ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ।

ਕਾਂਗਰਸ ਪਾਰਟੀ ਦੇ ਕਈ ਆਗੂਆਂ ਨੇ ਇਸ ਖਬਰ ਤੋਂ ਬਾਅਦ ਸੋਨੀਆ ਗਾਂਧੀ ਦੀ ਜਲਦੀ ਠੀਕ ਹੋਣ ਲਈ ਦੁਆਵਾਂ ਕੀਤੀਆਂ ਹਨ। ਰਾਹੁਲ ਗਾਂਧੀ ਨੇ ਆਪਣੇ ਟਵਿੱਟਰ ਅਕਾਊਂਟ ਤੋਂ ਲਿਖਿਆ ਕਿ ਮਾਂ ਦੀ ਸਿਹਤ ਵੱਲ ਡਾਕਟਰ ਪੂਰੀ ਤਰ੍ਹਾਂ ਧਿਆਨ ਦੇ ਰਹੇ ਹਨ ਅਤੇ ਉਹ ਛੇਤੀ ਹੀ ਘਰ ਵਾਪਸ ਆ ਜਾਣਗੀਆਂ। ਪ੍ਰਿਅੰਕਾ ਗਾਂਧੀ ਵੀ ਆਪਣੀ ਮਾਂ ਨਾਲ ਰਾਤ ਭਰ ਹਸਪਤਾਲ ਵਿੱਚ ਰਹੀਆਂ। ਪਾਰਟੀ ਵਰਕਰਾਂ ਵਿੱਚ ਇਸ ਖਬਰ ਨੇ ਚਿੰਤਾ ਪੈਦਾ ਕਰ ਦਿੱਤੀ ਹੈ ਪਰ ਉਨ੍ਹਾਂ ਨੂੰ ਭਰੋਸਾ ਹੈ ਕਿ ਸੋਨੀਆ ਗਾਂਧੀ ਜਲਦੀ ਠੀਕ ਹੋ ਜਾਣਗੀਆਂ।

**Cee7 NEWS** ਪੰਜਾਬ ਦੀ ਸਿਆਸੀ ਦੁਨੀਆਂ ਵਿੱਚ ਇੱਕ ਵੱਡਾ ਭੂਚਾਲ

# 6 ਮਹੀਨਿਆਂ ਤੋਂ ਫ਼ਰਾਰ ਵਿਧਾਇਕ ਪਠਾਣਮਾਜਰਾ ਗ੍ਰਿਫ਼ਤਾਰ; ਪੁਲਿਸ ਦੀ ਵੱਡੀ ਕਾਰਵਾਈ

ਪੰਜਾਬ ਦੀ ਸਿਆਸੀ ਦੁਨੀਆਂ ਵਿੱਚ ਇੱਕ ਵੱਡਾ ਭੂਚਾਲ ਆ ਗਿਆ ਹੈ। ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਜੋ ਪਿਛਲੇ ਛੇ ਮਹੀਨਿਆਂ ਤੋਂ ਪੁਲੀਸ ਨੂੰ ਚਕਮਾ ਦੇ ਰਿਹਾ ਸੀ, ਆਖਰਕਾਰ ਗ੍ਰਿਫ਼ਤਾਰ ਹੋ ਗਿਆ ਹੈ। ਪਟਿਆਲਾ ਪੁਲੀਸ ਨੇ ਇਸ ਭਗੌੜੇ ਵਿਧਾਇਕ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਤੋਂ ਰਾਤ ਦੇ ਸਮੇਂ ਧਰ ਲਿਆ। ਇਸ ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ ਪੰਜ ਦਿਨਾਂ ਲਈ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਪਠਾਣਮਾਜਰਾ ਉੱਤੇ ਗੰਭੀਰ ਇਲਜ਼ਾਮ ਲੱਗੇ ਹਨ। ਉਸ ਖਿਲਾਫ਼ 2 ਸਤੰਬਰ 2025 ਨੂੰ ਪਟਿਆਲਾ ਵਿਖੇ ਧਾਰਾ 376 (ਜ਼ਬਰ-ਜਨਾਹ), 420 (ਧੋਖਾਧੜੀ) ਅਤੇ 506 (ਧਮਕੀ ਦੇਣਾ) ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇੱਕ ਔਰਤ ਨੇ ਉਸ 'ਤੇ ਇਲਜ਼ਾਮ ਲਾਇਆ ਸੀ ਕਿ ਉਸ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਜ਼ਬਰਦਸਤੀ ਸੰਬੰਧ ਬਣਾਏ ਅਤੇ ਆਪਣੀ ਪਹਿਲੀ ਵਿਆਹਤਾ ਲੁਕਾਈ ਹੋਈ ਸੀ। ਇਸ ਮਾਮਲੇ ਵਿੱਚ ਉਸ ਨੂੰ ਭਗੌੜਾ ਐਲਾਨਿਆ ਗਿਆ ਸੀ ਅਤੇ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਉਸ ਨੇ ਛੇ ਮਹੀਨਿਆਂ ਤੱਕ ਪੁਲੀਸ ਤੋਂ ਬਚਣ ਲਈ ਵੱਖ-ਵੱਖ ਥਾਵਾਂ 'ਤੇ ਲੁਕਣ ਦੀ ਕੋਸ਼ਿਸ਼ ਕੀਤੀ। ਅਫਵਾਹਾਂ ਇਹ ਵੀ ਸਨ ਕਿ ਉਹ ਆਸਟ੍ਰੇਲੀਆ ਭੱਜ ਗਿਆ ਹੈ, ਪਰ ਉਸ ਨੇ ਨੇਪਾਲ ਰਾਹੀਂ ਵਾਪਸ ਆਉਣ ਦੀ ਕੋਸ਼ਿਸ਼ ਕੀਤੀ।

ਪਟਿਆਲਾ ਪੁਲੀਸ ਲਈ ਇਹ ਗ੍ਰਿਫ਼ਤਾਰੀ ਇੱਕ ਵੱਡੀ ਸਫਲਤਾ ਹੈ। ਐਸ.ਐਸ.ਪੀ. ਵਰੁਣ ਸ਼ਰਮਾ ਅਨੁਸਾਰ ਐਸ.ਪੀ. ਵੈਭਵ ਚੌਧਰੀ ਦੀ ਅਗਵਾਈ ਹੇਠ ਇੱਕ ਖਾਸ ਟੀਮ ਨੇ ਪਿਛਲੇ 48 ਘੰਟਿਆਂ ਤੋਂ ਇਸ ਉੱਤੇ ਨਜ਼ਰ ਰੱਖੀ ਹੋਈ ਸੀ। ਪੁਲੀਸ ਨੇ ਸੱਤ ਵੱਖ-ਵੱਖ ਸੂਬਿਆਂ ਵਿੱਚ ਛਾਪੇ ਮਾਰੇ ਅਤੇ ਤਕਨੀਕੀ ਸਬੂਤਾਂ ਜਿਵੇਂ ਯੂਕੇ ਦਾ ਫੋਨ ਨੰਬਰ ਅਤੇ ਵਾਈ-ਫਾਈ ਟ੍ਰੈਸਿੰਗ ਰਾਹੀਂ ਉਸ ਦੀ ਲੋਕੇਸ਼ਨ ਤੱਕ ਪਹੁੰਚੀ। ਇਹ ਇੱਕ ਰੋਮਾਂਚਕ ਅਪਰੇਸ਼ਨ ਸੀ ਜਿਸ ਵਿੱਚ ਉਸ ਨੇ ਖੁਦ ਗ੍ਰਿਫ਼ਤਾਰੀ ਦੀ ਪੇਸ਼ਕਸ਼ ਵੀ ਕੀਤੀ ਦੱਸੀ ਜਾਂਦੀ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਸਾਬਕਾ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਵੀ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਪਿਛਲੇ ਦੋ ਦਿਨਾਂ ਵਿੱਚ ਇਹ ਦੂਜਾ ਵਿਧਾਇਕ ਹੈ ਜੋ ਪੁਲੀਸ ਅੜਿੱਕੇ ਚੜ੍ਹਿਆ ਹੈ। ਇਨ੍ਹਾਂ ਗ੍ਰਿਫ਼ਤਾਰੀਆਂ ਨੇ ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਕਈ ਵਿਪਖੀ ਆਗੂ ਇਸ ਨੂੰ ਸਰਕਾਰ ਵੱਲੋਂ ਡਰਾਮਾ ਦੱਸ ਰਹੇ ਹਨ ਅਤੇ ਕਹਿ ਰਹੇ ਹਨ ਕਿ ਇਸ ਨਾਲ ਖੁਦਕੁਸ਼ੀ ਮਾਮਲੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਹੋ ਰਹੀ ਹੈ।

ਪੰਜਾਬ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਕਾਨੂੰਨ ਤੋਂ ਭੱਜਣ ਵਾਲਿਆਂ ਲਈ ਇਹ ਇੱਕ ਸਪੱਸ਼ਟ ਸੁਨੇਹਾ ਹੈ ਕਿ ਕਾਨੂੰਨ ਦੇ ਲੰਬੇ ਹੱਥ ਕਿਸੇ ਨੂੰ ਵੀ ਨਹੀਂ ਬਖਸ਼ਦੇ, ਭਾਵੇਂ ਉਹ ਵਿਧਾਇਕ ਹੋਵੇ।



ਪੀੜਤ ਔਰਤ ਨੂੰ ਇਨਸਾਫ਼ ਮਿਲਣ ਵੱਲ ਇੱਕ ਮਹੱਤਵਪੂਰਨ ਕਦਮ ਉਠਾਇਆ ਗਿਆ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹੁਣ ਉਸ ਤੋਂ ਵਿਸਥਾਰ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਅਗਲੀ ਜਾਂਚ ਤੇਜ਼ੀ ਨਾਲ ਚੱਲ ਰਹੀ ਹੈ।ਪੰਜਾਬ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਕਾਨੂੰਨ ਤੋਂ ਭੱਜਣ ਵਾਲਿਆਂ ਲਈ ਇਹ ਇੱਕ ਸਪੱਸ਼ਟ ਸੁਨੇਹਾ ਹੈ ਕਿ ਕਾਨੂੰਨ ਦੇ ਲੰਬੇ ਹੱਥ ਕਿਸੇ ਨੂੰ ਵੀ ਨਹੀਂ ਬਖਸ਼ਦੇ, ਭਾਵੇਂ ਉਹ ਵਿਧਾਇਕ ਹੋਵੇ। ਪੀੜਤ ਔਰਤ ਨੂੰ ਇਨਸਾਫ਼ ਮਿਲਣ ਵੱਲ ਇੱਕ ਮਹੱਤਵਪੂਰਨ ਕਦਮ ਉਠਾਇਆ ਗਿਆ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹੁਣ ਉਸ ਤੋਂ ਵਿਸਥਾਰ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਅਗਲੀ ਜਾਂਚ ਤੇਜ਼ੀ ਨਾਲ ਚੱਲ ਰਹੀ ਹੈ।

ਪਠਾਣਮਾਜਰਾ ਸਨੌਰ ਹਲਕੇ ਤੋਂ ਪਹਿਲੀ ਵਾਰ ਵਿਧਾਇਕ ਬਣਿਆ ਸੀ। ਉਸ ਦੀ ਗ੍ਰਿਫ਼ਤਾਰੀ ਨਾਲ ਆਪ ਪਾਰਟੀ ਵੀ ਮੁਸੀਬਤ ਵਿੱਚ ਆ ਗਈ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ ਉਸ ਨੇ ਦਿੱਲੀ ਆਪ ਆਗੂਆਂ ਖਿਲਾਫ਼ ਬਿਆਨ ਦਿੱਤੇ ਸਨ ਜਿਸ ਕਾਰਨ ਉਸ ਨੂੰ ਪਾਰਟੀ ਵਿੱਚੋਂ ਵੀ ਤਣਾਅ ਸੀ। ਇਸ ਘਟਨਾ ਨੇ ਰਾਜ ਵਿੱਚ ਕਾਨੂੰਨ ਵਿਵਸਥਾ ਅਤੇ ਸਿਆਸੀ ਆਗੂਆਂ ਉੱਤੇ ਉੱਠ ਰਹੇ ਸਵਾਲਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਪੁਲੀਸ ਸੂਤਰਾਂ ਅਨੁਸਾਰ ਉਸ ਨੇ ਛੇ ਮਹੀਨਿਆਂ ਦੌਰਾਨ ਵੱਖ-ਵੱਖ ਥਾਵਾਂ ਤੇ ਰੁਕਾਵਟਾਂ ਪਾਈਆਂ ਪਰ ਤਕਨੀਕੀ ਸਹਾਇਤਾ ਨਾਲ ਉਸ ਦੀ ਭਾਲ ਪੂਰੀ ਹੋ ਗਈ। ਇਸ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਪੁਲੀਸ ਨੂੰ ਵੱਡੀ ਸਫਲਤਾ ਮਿਲੀ ਹੈ ਅਤੇ ਲੋਕ ਇਸ ਨੂੰ ਕਾਨੂੰਨ ਦੀ ਜਿੱਤ ਵਜੋਂ ਵੇਖ ਰਹੇ ਹਨ। ਹੁਣ ਅਗਲੀਆਂ ਕਾਨੂੰਨੀ ਕਾਰਵਾਈਆਂ ਤੇ ਸਭ ਦੀਆਂ ਨਜ਼ਰਾਂ ਹਨ। ਇਸ ਮਾਮਲੇ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਅਪਰਾਧੀ ਭਾਵੇਂ ਉੱਚ ਅਹੁਦੇ 'ਤੇ ਬੈਠਾ ਹੋਵੇ, ਉਸ ਤੋਂ ਬਚਣਾ ਆਸਾਨ ਨਹੀਂ ਹੈ।

**Cee7 NEWS** ਇਨਸਾਨੀਅਤ ਸ਼ਰਮਸਾਰ: ਗੁਰੂਗ੍ਰਾਮ ਵਿੱਚ 4 ਸਾਲਾ ਮਾਸੂਮ ਬੱਚੀ ਨਾਲ ਜਬਰ-ਜਨਾਹ

# ਸੁਪਰੀਮ ਕੋਰਟ ਨੇ ਲਿਆ ਇੱਕ ਵੱਡਾ ਤੇ ਸਖ਼ਤ ਫੈਸਲਾ

ਗੁਰੂਗ੍ਰਾਮ ਵਿੱਚ ਚਾਰ ਸਾਲਾ ਮਾਸੂਮ ਬੱਚੀ ਨਾਲ ਹੋਏ ਘਿਨਾਉਣੇ ਬਲਾਤਕਾਰ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇੱਕ ਵੱਡਾ ਤੇ ਸਖ਼ਤ ਫੈਸਲਾ ਲਿਆ ਹੈ। ਅਦਾਲਤ ਨੇ ਹਰਿਆਣਾ ਪੁਲੀਸ ਦੀ ਗੈਰ-ਸੰਵੇਦਨਸ਼ੀਲਤਾ ਤੇ ਲਾਪਰਵਾਹੀ ਨੂੰ ਸਖ਼ਤੀ ਨਾਲ ਝਾੜਦਿਆਂ ਤਿੰਨ ਮਹਿਲਾ ਆਈਪੀਐੱਸ ਅਫਸਰਾਂ ਦੀ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਗਠਿਤ ਕਰ ਦਿੱਤੀ ਹੈ। ਇਸ ਟੀਮ ਨੂੰ ਪੂਰਾ ਕੇਸ ਸੌਂਪਿਆ ਗਿਆ ਹੈ ਤਾਂ ਜੋ ਨਿਆਂ ਦੀ ਪ੍ਰਕਿਰਿਆ ਤੇਜ਼ੀ ਨਾਲ ਤੇ ਇਮਾਨਦਾਰੀ ਨਾਲ ਚੱਲ ਸਕੇ। ਇਸ ਤੋਂ ਇਲਾਵਾ ਅਦਾਲਤ ਨੇ ਪੁਲੀਸ ਅਫਸਰਾਂ, ਚਾਈਲਡ ਵੈਲਫੇਅਰ ਕਮੇਟੀ ਦੇ ਮੈਂਬਰਾਂ ਤੇ ਮੈਕਸ ਹਸਪਤਾਲ ਦੀ ਇੱਕ ਮਹਿਲਾ ਡਾਕਟਰ ਨੂੰ ਵੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ।

ਘਟਨਾ ਦਾ ਵੇਰਵਾ ਇਸ ਤਰ੍ਹਾਂ ਹੈ ਕਿ ਗੁਰੂਗ੍ਰਾਮ ਵਿੱਚ ਰਹਿਣ ਵਾਲੀ ਇੱਕ ਚਾਰ ਸਾਲਾ ਬੱਚੀ ਨਾਲ ਇੱਕ ਘਿਨਾਉਣਾ ਬਲਾਤਕਾਰ ਵਾਪਰਿਆ। ਇਸ ਨੂੰ ਪੋਕਸੋ ਐਕਟ ਤਹਿਤ ਰਜਿਸਟਰ ਕੀਤਾ ਗਿਆ ਸੀ ਪਰ ਪੁਲੀਸ ਨੇ ਗੰਭੀਰ ਧਾਰਾ 6 (ਐਗਰਾਵੇਟਿਡ ਪੈਨੀਟ੍ਰੇਟਿਵ ਸੈਕਸੁਅਲ ਅਸਾਲਟ) ਦੀ ਥਾਂ ਹਲਕੀ ਧਾਰਾ 10 ਲਗਾ ਦਿੱਤੀ। ਇਸ ਤਰ੍ਹਾਂ ਦੀ ਲਾਪਰਵਾਹੀ ਨੇ ਪੂਰੇ ਮਾਮਲੇ ਨੂੰ ਗੰਭੀਰਤਾ ਤੋਂ ਬਿਨਾਂ ਵਿਖਾਇਆ। ਜਦੋਂ ਮਾਪਿਆਂ ਨੇ ਇਸ ਬਾਰੇ ਸ਼ਿਕਾਇਤ ਕੀਤੀ ਤਾਂ ਪੁਲੀਸ ਇੰਸਪੈਕਟਰ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਕੀ ਚਾਹੁੰਦੇ ਹਨ, ਇਸ ਦੀ ਬਜਾਏ ਤੁਰੰਤ ਐੱਫਆਈਆਰ ਦਰਜ ਕਰਨੀ ਚਾਹੀਦੀ ਸੀ। ਇਸ ਗੈਰ-ਸੰਵੇਦਨਸ਼ੀਲ ਵਿਵਹਾਰ ਨੇ ਸੁਪਰੀਮ ਕੋਰਟ ਦਾ ਧਿਆਨ ਖਿੱਚਿਆ।

ਚੀਫ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਵਿੱਚ ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐੱਮ ਪੰਚੋਲੀ ਵੀ ਸ਼ਾਮਲ ਸਨ। ਬੈਂਚ ਨੇ ਪੁਲੀਸ ਦੀ ਕਾਰਵਾਈ ਨੂੰ ਖੁੱਲ੍ਹ ਕੇ 'ਸ਼ਰਮਨਾਕ' ਕਿਹਾ। ਚੀਫ ਜਸਟਿਸ ਨੇ ਸਖ਼ਤ ਲਹਿਜ਼ੇ ਵਿੱਚ ਪੁੱਛਿਆ, "ਪੁਲੀਸ ਇੰਨੀ ਗੈਰ-ਸੰਵੇਦਨਸ਼ੀਲ ਕਿਵੇਂ ਹੋ ਸਕਦੀ ਹੈ? ਕੀ ਇੱਕ ਮੈਟਰੋਪੋਲੀਟਨ ਸ਼ਹਿਰ ਵਿੱਚ ਅਜਿਹਾ ਹੋ ਰਿਹਾ ਹੈ?" ਉਨ੍ਹਾਂ ਇਹ ਵੀ ਕਿਹਾ ਕਿ ਗੁਰੂਗ੍ਰਾਮ ਵਰਗੇ ਵੱਡੇ ਸ਼ਹਿਰ ਵਿੱਚ ਇਸ ਤਰ੍ਹਾਂ ਦੀ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਅਦਾਲਤ ਨੇ ਤੁਰੰਤ ਐਕਸ਼ਨ ਲੈਂਦਿਆਂ ਤਿੰਨ ਮਹਿਲਾ ਆਈਪੀਐੱਸ ਅਫਸਰਾਂ ਦੀ ਐੱਸਆਈਟੀ ਬਣਾਈ ਹੈ ਤਾਂ ਜੋ ਮਾਮਲੇ ਦੀ ਨਿਰਪੱਖ ਤੇ ਤੇਜ਼ ਜਾਂਚ ਹੋ ਸਕੇ। ਗੁਰੂਗ੍ਰਾਮ ਪੁਲੀਸ ਨੂੰ ਹਦਾਇਤ ਕੀਤੀ ਗਈ ਹੈ ਕਿ ਬੁੱਧਵਾਰ ਤੱਕ ਪੂਰੀ ਫਾਈਲ ਇਸ ਟੀਮ ਨੂੰ ਸੌਂਪ ਦਿੱਤੀ ਜਾਵੇ। ਇਸ ਤੋਂ ਇਲਾਵਾ ਬੱਚੀ ਦੀ ਪਛਾਣ ਤੇ ਉਸ ਦੇ ਪਰਿਵਾਰ ਦੀ ਗੁਪਤਤਾ ਬਣਾਈ ਰੱਖਣ ਲਈ ਅਦਾਲਤ ਨੇ ਉਸ ਦਾ, ਉਸ ਦੇ ਮਾਪਿਆਂ ਤੇ ਸਕੂਲ ਦਾ ਨਾਂ ਰਿਕਾਰਡ ਵਿੱਚੋਂ ਹਟਾਉਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਹ ਕਦਮ ਬੱਚੀ ਦੀ ਸੁਰੱਖਿਆ ਤੇ ਉਸ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਇਸ ਮਾਮਲੇ ਵਿੱਚ ਡਾਕਟਰੀ ਰਿਪੋਰਟ ਵੀ ਵਿਵਾਦ ਵਿੱਚ ਆ ਗਈ ਹੈ। ਮੈਕਸ ਹਸਪਤਾਲ ਦੀ ਇੱਕ ਮਹਿਲਾ ਡਾਕਟਰ ਨੇ ਅਦਾਲਤ ਵੱਲੋਂ ਨੋਟਿਸ ਲੈਣ ਤੋਂ ਬਾਅਦ ਆਪਣੀ ਰਿਪੋਰਟ ਬਦਲੀ ਸੀ।



ਇਸ ਲਈ ਉਸ ਨੂੰ ਵੀ ਕਾਰਨ ਦੱਸਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਚਾਈਲਡ ਵੈਲਫੇਅਰ ਕਮੇਟੀ ਦੇ ਮੈਂਬਰਾਂ ਨੂੰ ਵੀ ਇਸ ਲਾਪਰਵਾਹੀ ਬਾਰੇ ਜਵਾਬ ਦੇਣਾ ਪਵੇਗਾ। ਅਦਾਲਤ ਨੇ ਸਾਫ ਤੌਰ ਤੇ ਕਿਹਾ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਸਭ ਤੋਂ ਵੱਧ ਗੰਭੀਰਤਾ ਵਿਖਾਈ ਜਾਣੀ ਚਾਹੀਦੀ ਹੈ ਤੇ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਫੈਸਲੇ ਤੋਂ ਇੱਕ ਗੱਲ ਸਾਫ਼ ਹੋ ਗਈ ਹੈ ਕਿ ਸੁਪਰੀਮ ਕੋਰਟ ਬੱਚਿਆਂ ਨਾਲ ਹੋਣ ਵਾਲੀਆਂ ਘਿਨਾਉਣੀਆਂ ਘਟਨਾਵਾਂ ਨੂੰ ਬਿਲਕੁਲ ਗੰਭੀਰਤਾ ਨਾਲ ਲੈ ਰਹੀ ਹੈ। ਇਸ ਮਾਮਲੇ ਵਿੱਚ ਪੁਲੀਸ ਤੇ ਹੋਰ ਏਜੰਸੀਆਂ ਦੀ ਲਾਪਰਵਾਹੀ ਨੂੰ ਲੈ ਕੇ ਅਦਾਲਤ ਨੇ ਸਖ਼ਤ ਰੁਖ਼ ਅਪਣਾਇਆ ਹੈ ਤੇ ਇਸ ਲਈ ਅਨੁਸ਼ਾਸਨੀ ਕਾਰਵਾਈ ਵੀ ਹੋ ਸਕਦੀ ਹੈ। ਐੱਸਆਈਟੀ ਵੱਲੋਂ ਜਾਂਚ ਸ਼ੁਰੂ ਹੋਣ ਤੋਂ ਬਾਅਦ ਇਸ ਘਟਨਾ ਵਿੱਚ ਸ਼ਾਮਲ ਦੋਸ਼ੀਆਂ ਤੱਕ ਪਹੁੰਚਣ ਵਿੱਚ ਮਦਦ ਮਿਲੇਗੀ ਤੇ ਬੱਚੀ ਨੂੰ ਇਨਸਾਫ ਮਿਲਣ ਦੀ ਉਮੀਦ ਵਧ ਗਈ ਹੈ।

ਇਸ ਤੋਂ ਇਲਾਵਾ ਇਹ ਫੈਸਲਾ ਇੱਕ ਸੁਨੇਹਾ ਵੀ ਹੈ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਪੁਲੀਸ ਨੂੰ ਤੁਰੰਤ ਤੇ ਸੰਵੇਦਨਸ਼ੀਲ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਗੁਰੂਗ੍ਰਾਮ ਵਰਗੇ ਵੱਡੇ ਸ਼ਹਿਰ ਵਿੱਚ ਵੀ ਜੇਕਰ ਇਸ ਤਰ੍ਹਾਂ ਦੀ ਲਾਪਰਵਾਹੀ ਵਾਪਰਦੀ ਹੈ ਤਾਂ ਉੱਚ ਅਦਾਲਤਾਂ ਇਸ ਨੂੰ ਬਰਦਾਸ਼ਤ ਨਹੀਂ ਕਰਨਗੀਆਂ। ਇਸ ਲਈ ਸਾਰੀਆਂ ਏਜੰਸੀਆਂ ਨੂੰ ਚੇਤੰਨ ਹੋਣਾ ਚਾਹੀਦਾ ਹੈ।ਅਗਲੀ ਸੁਣਵਾਈ 6 ਅਪ੍ਰੈਲ ਨੂੰ ਹੋਵੇਗੀ ਜਿਸ ਵਿੱਚ ਐੱਸਆਈਟੀ ਵੱਲੋਂ ਜਾਂਚ ਦੀ ਤਾਜ਼ਾ ਰਿਪੋਰਟ ਪੇਸ਼ ਕੀਤੀ ਜਾਵੇਗੀ ਤੇ ਇਸ ਤੋਂ ਬਾਅਦ ਹੋਰ ਫੈਸਲੇ ਲਏ ਜਾਣਗੇ। ਇਸ ਮਾਮਲੇ ਨੇ ਪੂਰੇ ਦੇਸ਼ ਵਿੱਚ ਬੱਚਿਆਂ ਦੀ ਸੁਰੱਖਿਆ ਤੇ ਪੁਲੀਸ ਵਿਵਸਥਾ ਬਾਰੇ ਚਰਚਾ ਛੇੜ ਦਿੱਤੀ ਹੈ।

# ਪੁਸਤਕ ਸਮੀਖਿਆ , ਆਨੰਦ ਤੋਂ ਸਰਹੰਦ ਕਾਵਿ ਸੰਗ੍ਰਹਿ ਲੇਖਕ ਅਵਤਾਰ ਸਿੰਘ ਮਾਨ ਭੈਣੀ ਬਾਘਾ ( ਸਮੀਖਿਆ ਹਰਭਜਨ ਸਿੰਘ ਭਗਰੱਥ )



ਪੁਸਤਕ ਸਮੀਖਿਆ
ਆਨੰਦ ਤੋਂ ਸਰਹੰਦ
ਕਾਵਿ ਸੰਗ੍ਰਹਿ
ਲੇਖਕ ਅਵਤਾਰ ਸਿੰਘ ਮਾਨ
ਭੈਣੀ ਬਾਘਾ

ਪੰਨੇ 40
ਸਮੀਖਿਆ
ਹਰਭਜਨ ਸਿੰਘ ਭਗਰੱਥ
ਵਿਸ਼ਵ ਸਾਹਿਤਕ ਸਿਤਾਰੇ ਮੰਚ
ਤਰਨ ਤਾਰਨ ਪੰਜਾਬ

ਸਿੱਖ ਇਤਿਹਾਸ ਦੇ ਵਿੱਚ ਆਨੰਦ ਤੋਂ ਸਰਹੰਦ ਤੱਕ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਬਿਖੜੇ ਪੈਂਡਿਆਂ ਦੇ ਸਫਰ ਦੀ ਦਾਸਤਾਂ ਜਦੋਂ ਸੁਣਦੇ ਹਾਂ ਤਾਂ ਲੂੰਈ ਕੰਡੇ ਖੜੇ ਹੋ ਜਾਂਦੇ ਹਨ ਗੁਰੂ ਗੋਬਿੰਦ ਸਿੰਘ ਜੀ ਮਾਹਾਰਾਜ਼ ਦੁਆਰਾ ਖਾਲਸਾ ਪੰਥ ਦੀ ਸਿਰਜਣਾ ,ਅਨੰਦਪੁਰ ਦੀ ਜੰਗ, ਆਨੰਦਪੁਰ ਛੱਡਣਾ, ਸਰਸਾ ਨਦੀ ਤੇ ਵਿਛੋੜਾ, ਜੰਗ ਚਮਕੌਰ ਦੀ, ਬੀਬੀ ਹਰਸ਼ਰਨ ਕੌਰ ਵੱਲੋਂ ਸਿੰਘਾਂ ਦਾ ਸਸਕਾਰ, ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਕੁਮੇ ਮਾਸ਼ਕੀ ਦੀ ਕੁੱਲੀ ਵਿੱਚ, ਮਾਤਾ ਗੁਜਰੀ ਅਤੇ ਛੋਟੇ ਸਾਹਿਬਜਾਦਿਆਂ ਦਾ ਗੰਗੂ ਨਾਲ ਮਿਲਾਪ ਤੇ ਗੰਗੂ ਦੀ ਬਦਨੀਤੀ ,ਗੰਗੂ ਵਲੋ ਮੁਖਬਰੀ ਕਰਨਾ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਵਿੱਚ ,ਬਾਬਾ ਮੋਤੀਰਾਮ ਮਹਿਰਾ ਵੱਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਦੁੱਧ ਛਕਾਉਣਾ, ਸੂਬਾ ਸਰਹੰਦ ਦੇ ਪਹਿਲੀ ਪੇਸ਼ੀ, ਸਾਹਿਬਜ਼ਾਦਿਆਂ ਦੀ ਦੂਜੀ ਪੇਸ਼ੀ ,
ਅਤੇ ਤੀਜੀ ਪੇਸ਼ੀ ,ਸੂਬਾ ਸਰਹੰਦ ਵੱਲੋਂ ਸਾਹਿਬਜ਼ਾਦਿਆਂ ਨੂੰ ਦਿੱਤੇ ਗਏ ਤਸੀਹੇ, ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦਿਨ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ,ਮਾਛੀਵਾੜੇ ਦੇ ਰਾਹ, ਨੂਰੇ ਮਾਹੀ ਨੂੰ ਸਰਹੰਦ ਭੇਜਣਾ, ਮੁਗਲਾਂ ਦੀ ਜੱੜ ਪੁੱਟਣੀ ,ਤੱਤ ਸਾਰ ਸੁਣ ਧਰਕੇ ਨੀ ਸਰਹੰਦ ਦੀਏ ,ਇਸ ਸਾਰੇ ਹੀ ਬਿਰਤਾਂਤ ਨੂੰ ਅਵਤਾਰ ਸਿੰਘ ਮਾਨ ਭੈਣੀ ਬਾਘਾ ਨੇ ਇੱਕ ਹੀ ਸੁਰ ਲੈ ਤਾਲ ਵਿੱਚ ਆਨੰਦ ਤੋਂ ਸਰਹੰਦ ਤੱਕ ਆਪਣੀ ਕਲਮ ਦੁਆਰਾ ਲਿਖ ਕੇ ਆਪਣੇ ਸੁਹਰਿਦ ਲੇਖਕ ਹੋਣ ਦਾ ਪ੍ਰਮਾਣ ਬਖੂਬੀ ਪੇਸ਼ ਕੀਤਾ ਹੈ, 40 ਸਫਿਆਂ ਦੀ ਇਹ ਛੋਟੀ ਜਿਹੀ ਪੁਸਤਕ ਨੂੰ ਪੱੜ ਕੇ ਆਮ ਆਦਮੀ ਨੂੰ ਸੋਝੀ ਮਿਲਦੀ ਹੈ ਕਿ ਸਿੱਖ ਇਤਿਹਾਸ ਕਿੰਨਾ ਕੀਮਤੀ ਹੈ ਸਿੱਖ ਇਤਿਹਾਸ ਵਿੱਚ ਕਿੰਨੀਆਂ ਕੁਰਬਾਨੀਆਂ ਹਨ ਸਰਦਾਰੀ ਐਵੇਂ ਹੀ ਪ੍ਰਧਾਨ ਨਹੀਂ ਹੋਈ ਇਸ ਦੇ ਪਿੱਛੇ ਬਹੁਤ ਵੱਡੇ ਖੂਨੀ ਸਾਕੇ ਹੋਏ ਹਨ ,ਸਾਡੇ ਪੰਥ ਦੇ ਮਹਾਨ ਸ਼ਹੀਦਾਂ ਨੇ ਸਿਰ ਧੱੜਦੀਆਂ ਬਾਜੀਆਂ ਲਾਈਆਂ ਹਨ ਫਿਰ ਜਾ ਕੇ ਸਰਦਾਰੀ ਮਿਲੀ ਹੈ ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਬਹੁਤ ਹੀ ਅਹਿਮ ਪਾਰਟ ਨੂੰ ਦਰਸਾਉਂਦੀ ਹੈ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਾਰੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਵੇਖ ਕੇ ਅੱਖਾਂ ਨਮ ਹੋ ਜਾਂਦੀਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਸੀਸ ਆਪਣੇ ਆਪ ਹੀ ਨਤਮਸਤਕ ਹੋ ਜਾਂਦਾ ਹੈ ਅਵਤਾਰ ਸਿੰਘ ਮਾਨ ਭੈਣੀ ਬਾਘਾ ਜੀ ਉੱਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਕਿਰਪਾ ਕਰਕੇ ਆਪ ਹੀ ਉਹਨਾਂ ਕੋਲੋਂ ਇਹ ਪੁਸਤਕ ਲਿਖਾਈ ਹੈ ਪੁਸਤਕ ਦੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇੱਕ ਹੀ ਕਵਿਤਾ ਹੈ ਸਮੇਂ ਸਮੇਂ ਤੇ ਉਸ ਕਵਿਤਾ ਦੇ ਟਾਈਟਲ ਬਦਲ ਜਾਂਦੇ ਹਨ 40 ਸਫਿਆਂ ਦੀ ਇਹ ਛੋਟੀ ਜਿਹੀ ਪੁਸਤਕ ਪੱੜਦਿਆਂ ਆਮ ਪਾਠਕ ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ ਹੋ ਜਾਂਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਦਾ ਹੋਇਆ ਪਾਠਕ ਆਖਦਾ ਹੈ

ਵਾਹ ! ਵਾਹ ! ਅਵਤਾਰ ਸਿੰਘ ਮਾਨ ਭੈਣੀ ਬਾਘੇ ਵਾਲਿਆ ਨਹੀਂ ਰੀਸਾਂ ਤੇਰੀਆਂ , ਭੈਣੀ ਬਾਘੇ ਵਾਲਾ ਇਸ ਵਾਹ ਵਾਹ ਨੂੰ ਸਵੀਕਾਰਦਾ ਨਹੀਂ ,ਸਗੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਰਨਾਂ ਵਿੱਚ ਆਪਣਾ ਸੀਸ ਝੁਕਾਉਂਦਾ ਹੋਇਆ ਕਹਿੰਦਾ ਹੈ ਕਿ ਭੈਣੀ ਬਾਘੇ ਵਾਲਿਆ ਕੌਤਕ ਸਤਿਗੁਰ ਆਪ ਰਚਾਇਆ ਹੈ ਗੁਰੂ ਮਹਾਰਾਜ ਦੀ ਕਿਰਪਾ ਹੈ ਉਹਨਾਂ ਹੀ ਕਿਰਪਾ ਕਰਕੇ ਮੇਰੇ ਕੋਲੋਂ ਇਹ ਸਭ ਲਿਖਵਾਇਆ ਹੈ ਮੇਰੀ ਕੋਈ ਔਕਾਤ ਨਹੀਂ ਕਿ ਮੈਂ ਗੁਰੂ ਦੀ ਮਹਿਮਾ ਲਿਖ ਸਕਾਂ ਮੈਂ ਤਾਂ ਕਾਫਰ ਹਾਂ ਮੰਦ ਬੁੱਧੀ ਹਾਂ ਮੇਰੀ ਮੱਤ ਥੋੜੀ ਹੈ ਮੈਂ ਕੀ ਲਿਖ ਸਕਦਾ ਹਾਂ? ਇਹ ਪੁਸਤਕ ਬਹੁਤ ਹੀ ਗਿਆਨ ਭਰਪੂਰ ਦਸਤਾਵੇਜ ਹੈ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਸਾਰੇ ਹੀ ਬੁੱਧੀਜੀਵੀ ਲੇਖਕ ਪਾਠਕ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਅਵਤਾਰ ਸਿੰਘ ਮਾਨ ਭੈਣੀ ਬਾਘੇ ਵਾਲੇ ਪਾਸੋਂ ਇਹ ਪੁਸਤਕ ਮੰਗਵਾ ਕੇ ਜਰੂਰ ਪੜੋ ਜੀ

# " ਇਕ ਖੱਤ ਆਵਾਮ ਤੇ ਨਿਜ਼ਾਮ ਦੇ ਨਾਮ " ਭਾਗ –1- ਮਿੱਟੀ ਪਲੀਤ ਹੋ ਗਈ ਹੈ ਹਿੰਦਸਤਾਨ ਦੀ ਬਹੁਤ ਦੁਖੀ ਹੈ ਆਵਾਮ ਭਾਰਤ ਮਹਾਨ ਦੀ"



" ਇਕ ਖੱਤ ਆਵਾਮ ਤੇ ਨਿਜ਼ਾਮ ਦੇ ਨਾਮ " ਭਾਗ –1-
"ਮਿੱਟੀ ਪਲੀਤ ਹੋ ਗਈ ਹੈ ਹਿੰਦਸਤਾਨ ਦੀ
,ਬਹੁਤ ਦੁਖੀ ਹੈ ਆਵਾਮ ਭਾਰਤ ਮਹਾਨ ਦੀ"

ਆਏ ਦਿਨ ਕਿਤੇ ਨਾਂ ਕਿਤੇ ਚੁਨਾਵ ਆਏ ਹੀ ਰਹਿੰਦੇ ਹਨ,ਕਦੇ ਜਿਮਨੀ ਚੋਣ ਤੇ ਕਦੇ ਚਿਮਨੀਚੋਣ।

ਉਮੀਦਵਾਰ ਚੋਰ ਮੋਰੀਆਂ ਲੱਭਦੇ ਹਨ।ਆਪਣੀ ਕਾਬਲੀਅਤ ਦੇ ਸਿਰ ਤੇ ਨਹੀਂ ਠੱਗੀ ਠੋਰੀ ਝੂਠ ਫਰੇਬ,ਧੋਖਾ ,ਲਾਰੇ ਲੱਪੇ ,ਬਗਲ ਵਿੱਚ ਛੁਰੀ ਤੇ ਮੂੰਹ ਤੇ ਰਾਮ ਰਾਮ ਵਾਲੇ ਮਖੌਟੇ ਦਰਸਾ ਕੇ,ਬਾਹਰੋਂ ਹੋਰ ਤੇ ਅੰਦਰੋਂ ਹੋਰ ,ਚਿਹਰੇ ਤੇ ਇਕ ਹੋਰ ਚਿਹਰਾ ਲਾ ਕੇ, ਫੋਕੀ ਹਮਦਰਦੀ ਦਾ ਲਿਬਾਸ ਪਾ ਕੇ,ਘਰ ਘਰ ਗਲੀ ਗਲੀ ਹੱਥ ਜੋੜ ਜੋੜ ਮੁਸਕਰਾ ਕੇ ਫਰਿਸ਼ਤੇ ਬਣ ਬਣ ਘੁੰਮਦੇ ਹਨ।ਫਿਰ ਇਸੇ ਚੋਰ ਮੋਰੀ ਰਾਂਹੀ ਤਖ਼ਤ ਮਲ ਕੇ ਪੰਜ ਸਾਲ ਲਈ ਅਸਮਾਨ ਦੇ ਫਰਿਸ਼ਤੇ ਬਣ ਸੈਂਕੜੇ ਪਹਿ◌ਿਰਆਂ ਵਿੱਚ ਜਾ ਲੁਕਦੇ ਹਨ।ਆਵਾਮ ਵਿਚਾਰੀ ਹੱਥ ਮਲਦੀ ਰਹਿ ਜਾਂਦੀ ਹੈ।

ਤਖ਼ਤ ਮਲਣ ਲਈ—ਕੋਝੀਆਂ ਚਾਲਾਂ,ਕੋਝੇ ਹੱਥ ਕੰਡੇ
,, ਛੰਨੇ ਖੋਹ ਕੇ ਠੂਠੈ ਵੰਡੇ-
ਠੂਠੇ ਵਿੱਚ-ਛਟਾਕੀ ਲੂਣ,ਦੋ ਆਲੂ,ਦੋ ਗੰਢੇ-
-ਕਲ ਦੇ ਯੋਧੇ,ਅੱਜ ਨੇ ਅਮਲੀ ਜੁਆਰੀਏ ਭਿਖ ਮੰਗੇ॥
ਸ਼ਰਮ ਤਾਂ ਕਿਤੇ ਆਉਂਦੀ ਨਹੀਂ,ਨਿਲੱਜਿਓ ਲੱਜ ਤੁਹਾਨੂੰ ਨਹੀਂ ॥

ਨਿਜ਼ਾਮ- ਆਵਾਮ +ਨਿਯਮ= ਨਿਜ਼ਾਮ—ਅਸਲ ਵਿੱਚ ਤਾਂ ਹੈ ਇਹ ਪਰ ਮੁਲਕ ਵਿਚ ਇਸਦੇ ਬਰਅਕਸ ਹੈ,ਇਥੇ ਜੋ ਤਖ਼ਤ ਮਲ ਲਵੇ ਉਹ ਨਿਜ਼ਾਮ ਹੈ,ਉਸੇ ਦੇ ਨਿਯਮ ਹਨ ਤੇ ਉਹਦੇ ਹੁਕਮ ਹੇਠ ਆਵਾਮ ਗੁਲਾਮ ਹੈ।

ਚੋਣਾਂ ਦੇ ਦਿਨ ਨੇੜੇ ਨੇੜੇ ਹਨ-ਨਿਜ਼ਾਮ ਜੀ ਨੂੰ ਅਪੀਲ ਹੈ ਕਿ ਮੁਫ਼ਤ ਸਹੂਲਤਾਂ ਦੇ ਵਾਅਦੇ ਦੀਆਂ ਵਹਿੰਗੀਆਂ ਦੇ ਆਸਰੇ ਲੂਲੀ ਲੰਗੜੀ ਹਕੂਮਤ ਨਹੀਂ ਆਪਣੀ ਯੋਗਤਾ ਦੇ ਸਿਰ ਤੇ ਹਕੂਮਤ ਬਣਾਓ।ਵਿਨਾਸ਼ ਨਹੀਂ ਵਿਕਾਸ ਲਿਆਓ। ਸੂਬੇ ਨੂੰ ਸਮੇਂ ਦਾ ਹਾਣੀ ਬਣਾਓ।ਕਾਣੀ ਵੰਡ ਨੂੰ ਨੱਥ ਪਾਓ।

1.( ਆਵਾਮ ਜੀ ਆਪ ਨੇ ਵੇਖ ਵੀ ਲਿਆ ਤੇ ਅਜ਼ਮਾ ਵੀ ਲਿਆ,ਜੇ ਇਸ ਤਰਾਂ ਹੀ ਸੁੱਤੇ ਰਹੇ ਤਾਂ ਸੂਬੇ ਨੂੰ ਮੜ੍ਹੀਆਂ ਦੇ ਰਾਹ ਪੈਣੋਂ ਰੱਬ ਵੀ ਨਹੀਂ ਬਚਾ ਸਕੇਗਾ,ਇਸ ਲਈ ਤਕੜੇ ਹੋ ਕੇ ਇਹ ਮੁਫ਼ਤੋ ਮੁਫ਼ਤੀ ਦੇ ਬਦਲੇ ਵੋਟਾਂ ਨਾ ਪੈਣ ਦਿਓ ਜੀ

2.-ਪੰਜਾਬ ਰੋਡਵੇਜ਼ ਕਰਮਚਾਰੀ ਤੇ ਅਧਿਕਾਰੀ ਹੁਸ਼ਿਆਰ ਹੋ ਕੇ ਘਟੋ ਘੱਟ 10 ਰੁਪਏ ਟਿਕਟ ਦਾ ਨਿਯਮ ਬਣਾ ਦਿਓ ਕਿਸੇ ਨੂੰ ਵੀ ਮੁਫ਼ਤ ਬੱਸ ਵਿਚ ਸਫ਼ਰ ਕਰਨ ਦੀ ਇਜ਼ਾਜ਼ਤ ਨਾਂ ਦਿਓ।ਆਪਣਾ ਵਿਭਾਗ ਆਪਣਾ ਘਰ ਸਮਝ ਕੇ ਬਚਾਓ।

3.-ਬਿਜਲੀ ਵਿਭਾਗ ਦੇ ਅਧਿਕਾਰੀ ,ਹਰ ਘਰ ਵਿੱਚ ਮੀਟਰ ਲਾਓ ਤੇ 2 ਰੁਪਏ ਯੂਨਿਟ ਬਿਜਲੀ ਰੇਟ ਲਾਗੂ ਕਰ ਦਿਓ।ਸਾਰੇ ਸਰਕਾਰੀ ਦਫ਼ਤਰਾਂ ਤੇ ਸਰਕਾਰੀ ਰਿਹਾਇਸ਼ਾਂ ਤੋਂ ਬਿਜਲੀ ਬਿਲ ਲਓ।ਜਦ ਕਿਸੇ ਵੀ ਮਹਿਕਮੇ ਵਿੱਚ ਬਿਨਾਂ ਇਕ ਖਾਸ ਫੀਸ ਭਰੇ ਕੰਮ ਚਾਲੂ ਨਹੀਂ ਹੋ ਸਕਦਾ ਤਾਂ ਫਿਰ ਮਹਿਕਮੇ ਨੂੰ ਬਿਜਲੀ ਪਾਣੀ ਕਿਉਂ ਮੁਫ਼ਤ?

4.-ਮੰਤਰੀਆਂ ਸੰਤਰੀਆਂ ਸਕੱਤਰਾਂ ਅਧਿਕਾਰੀਆਂ ਨੂੰ ਖਾਨਦਾਨ ਸਮੇਤ ਮੁਫ਼ਤ ਬਿਜਲੀ ਪਾਣੀ ਤੇ ਪੇਟਰੋਲ ਦਿਤਾ ਜਾਂਦਾ ਹੈ ਲੱਖਾਂ ਵਿੱਚ ਤਨਖਾਹਾਂ ਹਨ ਫਿਰ ਮੁਫ਼ਤ ਸਹੂਲਤਾਂ ਦਾ ਝੂੰਗਾ ਕਿਉਂ?

5. ਮੰਤਰੀ ਤਾਂ ਘਰ ਵਿਚੋਂ ਇਕ ਹੁੰਦਾ ਹੈ,ਤੇ ਸਰਕਾਰੀ ਗੱਡੀ ਪੂਰਾ ਕੁਨਬਾ ਓਡ੍ਹੋਈ ਰਖਦਾ ਹੈ,ਇਹ ਲਿਹਾਜ਼ ਬੰਦ ਕਰੋ।

6.ਹਰ ਘਰ ਵਿਚੋਂ ਇਕ ਮੈਂਬਰ ਸੁਰੱਖਿਆ ਦਸਤੇ ਵਿੱਚ 20 ਹਜਾਰ ਤੇ ਭਰਤੀ ਕਰਕੇ ਮੰਤਰੀਆਂ ਤੇ ਸਕੱਤਰਾਂ ਦੇ ਆਲੇ ਦੁਆਲੇ ਵਾਲੀ ਸੁਰਿੱਖਆ ਦੀ ਵਾੜ ਬਣਾਈ ਜਾਵੇ ਤੇ ਪੁਲੀਸ ਵਿਭਾਗ ਜੋ ਕਿ ਹੈ ਹੀ ਪਬਲਿਕ ਵਾਸਤੇ ਉਸ ਨੂੰ ਪਬਲਿਕ ਵਾਸਤੇ ਹੀ ਕੰਮ ਕਰਨ ਦਿੱਤਾ ਜਾਵੇ।ਇਸ ਨਾਲ ਬੇਰੁਜਗਾਰੀ ਵੀਘਟੇਗੀਤੇ ਆਵਾਮ ਨੂੰ ਲੋੜ ਵੇਲੇ ਪੁਲੀਸ ਵੀ ਲੱਭ ਜਾਏਗੀ ਜੋ ਕਿ ਇਸ ਵਕਤ ਸਿਰਫ਼ ਤੇ ਸਿਰਫ਼ ਸਰਕਾਰੀ ਤੰਤਰ ਦੇ ਸਰਹਾਣੇ ਹੀ ਜਮ੍ਹਾ ਰਹਿੰਦੀ ਹੈ।

7.-ਮਹਿਲਾਵਾਂ ਨੂੰ ਨਕਦੀ ਕਾਹਦੇ ਲਈ ਉਹਨਾਂ ਨੂੰ ਰੱਬ ਨੇ ਦੋ ਹੱਥ ਕਮਾਉਣ ਲਈ ਦਿੱਤੇ ਹਨ ਕਰ ਕੇ ਖਾਣ,ਇਸੇ ਪੈਸੇ ਨਾਲ ਸਿਖਲਾਈ ਸੈਂਟਰ ਖੋਲ੍ਹ ਕੇ ਔਰਤਾਂ ਨੂੰ ਹੁਨਰ ਸਿਖਾਏ ਜਾਣ ਤਾਂ ਜੋ ਉਹ ਕਮਾ ਕੇ ਆਤਮ ਸਨਮਾਨ ਨਾਲ ਜਿਊਣ।

8.- ਸੁਣੋ ਨਿਜ਼ਾਮ ਜੀ-ਸਰਕਾਰੀ ਦਫ਼ਤਰਾਂ ਵਿੱਚ ਸਫ਼ਾਈ ਸੇਵਕ ਨਹੀਂ ਹਨ ਇਥੋਂ ਤਕ ਕੇ ਹਸਪਤਾਲਾਂ ਵਿੱਚ ਵੀ ਨਹੀਂ ਹਨ ਹਜਾਰਾਂ◌ ਦੀ ਗਿਣਤੀ ਵਿੱਚ ਸਫਾਈ ਸੇਵਕ ਲੋੜੀਂਦੇ ਹਨ ਸੋ ਵਿਹਲੇ ਰਹਿਣ ਦਾ ਇਨਾਮ ਨਹੀਂ ਸਫਾਈ ਸੇਵਕਾਵਾਂ ਭਰਤੀ ਕਰ ਕੇ ਬਣਦੀ ਉਜਰਤ ਦਿਓ।

9.-ਧਿਆਨ ਯੋਗ-ਸ਼ਹਿਰ ਵਿਚ 2 ਹਜਾਰ ਸਫਾਈ ਸੇਵਕ ਚਾਹੀਦਾ ਹੈ ਤੇ ਕੇਵਲ 200 ਕੰਮ ਕਰ ਰਹੇ ਹਨ।

10.-ਹੁਣ ਆਓ ਜੀ ਮੁਫ਼ਤ ਰਾਸ਼ਨ ਮੇਰੀ ਰਸੋਈ ਦੀ" ਗਲ ਕਰ ਲਈਏ-ਪੰਜਾਬ ਵਿੱਚ ਕੁਲ ਮਿਲਾ ਕੇ ਗੁਰਦਵਾਰੇ ਤੇ ਡੇਰੇ ਦੋ ਕੁ ਲੱਖ ਹਨ ਜਿਥੇ ਮੁਫ਼ਤ ਪਰੋਸੀਆਂ ਥਾਲੀਆਂ ਹਰ ਆਮ ਤੇ ਖਾਸ ਨੂੰ ਉਪਲਬਧ ਹਨ,ਆਏ ਦਿਨ ਲੰਗਰ ਪ੍ਰਸ਼ਾਦਾ ਦਿਨ ਹੁੰਦਾ ਹੈ ਹਰ ਤਬਕਾ ਆਪਣੇ ਦੀਨ ਧਰਮ ਅਨੁਸਾਰ ਲੰਗਰ ਵਰਤਾਉਂਦਾ ਰਹਿੰਦਾ ਹੈ,ਤਰਨ ਤਾਰਨ ਤੋਂ ਅਮਮ੍ਰਿਤਸਰ ਦੇ ਰਾਹ ਤੇ ਸੜਕ ਕੰਡੇ ਬਾਬਾ ਨੌਧ ਸਿੰਘ ਦੀ ਸਮਾਧ ਤੇ ਚੌਵੀ ਘੰਟੇ ਚਾਹ ,ਦਾਲ ਸਭਜੀ ਪ੍ਰਸ਼ਾਦੇ ਦਾ ਲੰਗਰ ਅਤੁਟ ਵਰਤਦਾ ਹੈ ਆਸ ਪਾਸ ਦੇ ਵਸਨੀਕ ਤੇ ਲੰਘਦੇ ਰਾਹੀ ਮੁਸਾਫਰ ਇਥੋਂ ਤਕ ਕੇ ਕਰਮਚਾਰੀ ਸੁਬਹ ਉਥੇ ਖੜ ਕੇ ਨਾਸ਼ਤਾ ਵੀ ਕਰ ਕੇ ਆਨੰਦ ਲੈਂਦੇ ਹਨ।ਹਰਮੰਦਿਰ ਸਾਹਬ ਤੋਂ ਹਰ ਰੋਜ਼ ਇਕ ਲੱਖ ਦੇ ਕਰੀਬ ਲੋਕ ਮੁਫ਼ਤ ਪੇਟ ਪੂਜਾ ਕਰਦੇ ਹਨ ਇਸੇ ਤ੍ਰਾਂ ਬਾਕੀ ਗੁਰਦਵਾਰਿਆਂ ਵਿੱਚ ਵੀ।ਫਿਰ ਪੰਜਾਬ ਵਿੱਚ ਮੁਫ਼ਤ ਰਾਸ਼ਨ ਵੰਡਣਾ ਤਾਂ ਜਨਤਾ ਨੂੰ ਗੁਲਾਮ ਬਨਾਉਣਾ ਸਿੱਧ ਹੁੰਦਾ ਹੈ।ਹਾਂ ਸਰਕਾਰੀ ਡੀਪੂ ਲਾ ਕੇ ਸਸਤੇ ਭਾਅ ਰਾਸ਼ਨ ਮੁਹੱਈਆ ਕਰਾਉਣਾ ਸਹੀ ਰਹੇਗਾ।ਪਰ ਰਸੋਈ ਗੈਸ ਤੇ ਸਸਤੀ ਹੋਣ ਵਾਲੀ ਨਹੀਂ ਉਹਦੇ ਲਈ ਹੱਥ ਹਿਲਾਉਣੇ ਪੈਣਗੇ।

ਹਰਿਆਣਾ ਰੋਡਵੇਜ਼ ਵਿੱਚ ਬਹੁਤ ਮਹਿਲਾਵਾਂ ਡਰਾਈਵਰ ਕੰਡਕਟਰ ਹਨ।ਟਰੇਟਕਰ ਚਲਾ ਖੇਤੀ ਬਾੜੀ ਕਰਦੀਆਂ ਹਨ,ਡੇਅਰੀਫਾਰਮ ਚਲਾਉਂਦੀਆਂ ਹਨ।

ਕਲਕੱਤਾ ਵਿੱਚ ਬਹੁਤ ਸਾਰੀਆਂ ਔ◌ੌਰਤਾਂ ਟੈਕਸੀ ,ਰਿਕਸ਼ਾ ਚਲਾਉਣ ਦਾ ਕੰਮ ਕਰ ਆਤਮ ਨਿਰਭਰ ਹਨ।ਪੱਛਮੀ ਬੰਗਾਲ ਤੇ ਕੇਰਲਾ ਵਿੱਚ ਕੋਈ ਮੁਫ਼ਤ ਸਹੂਲਤ ਨਹੀਂ ਆਬਾਦੀ ਵੀ ਬਹੁਤ ਜਿਆਦਾ ਹੇ◌ੈ।

ਪੰਜਾਬ ਚ ਵੀ ਔ◌ੌਰਤਾਂ ਸਾਰੇ ਕੰਮ ਕਰਦੀਆਂ ਸੀ ਹੁਣ ਵੀ ਕਰ ਸਕਦੀਆ ਹਨ ,ਘਰਾਂ ਵਿਚ ਵੀ,ਖੇਤਾਂ ਵਿਚ ਵੀ ਤੇ ਦਫ਼ਤਰਾਂ ਇਦਾਰਿਆਂ ਵਿੱਚ ਬਹੁਤ ਸਾਰੇ ਕਾਮੇ ਲੋੜੀਂਦੇ ਹਨ। ਕਿਰਤ ਕਰਕੇ ਹਕ ਹਲਾਲ ਦੀ ਕਰ ਕੇ ਖਾਣ ਦਿਓ।

ਆਵਾਮ ਜੀ ਅਗਰ ਤੱਗੜੇ ਹੋ ਕੇ ਇਹ ਮੌਜੂਦਾ ਚਾਲਾਂ ਨੂੰ ਤੋੜ ਸਕੋ ਤਾਂ ਤੋੜ ਲਓ ਨਹੀਂ ਤੇ ਤਖ਼ਤਾਂ ਤੇ ਬੈਠਿਆਂ ਨੂੰ ਇੰਜ ਹੀ ਬੈਠੇ ਰਹਿਣ ਦਿਓ ,ਸੂਬੇ ਤੇ ਅਗਲੀਆਂ ਚੋਣਾਂ ਦੇ ਖਰਚ ਦਾ ਬੋਝ ਨਾਂ ਪੈਣ ਦਿਓ।

ਪਹਿਲਾਂ ਵੀ ਤੇ ਬਹੁਤ ਸਾਰੀਆਂ ਮੁਫ਼ਤ ਸਹੂਲਤਾਂ ਦਿਤੀਆਂ ਮੰਤਰੀਆਂ ਨੇ ਆਪਣੇ ਸੌ ਸਾਲ ਦਾ ਇੰਤਜ਼ਾਮ ਤੇ ਕਰ ਲਿਆ,ਪਰ ਹਰ ਵਿਭਾਗ ਖੁੱਡੇ ਲਾਇਨ ਲਾ ਦਿੱਤਾ। ਬੱਸ ਸਫ਼ਰ ਮੁਫ਼ਤ,-ਸਰਕਾਰੀ ਬਸਾਂ ਦਾ ਨਾ ਪੁਛੋ ਹਾਲ,ਠੰ◌ਨ ਠੰਨ ਗੋਪਾਲ।ਬਿਜਲੀ ਮੁਫ਼ਤ,ਬਿਜਲੀ ਬਿਨਾਂ ਬੁਰੇ ਹਾਲ,ਰਾਸ਼ਨ ਮੁਫ਼ਤ -ਕਿਸਾਨ ਤੇ ਕਿਰਤੀ ਤੇ ਮੱਧਵਰਗ ਦੀ ਟੰਗੀ ਜਾਨ।

ਨਿਜ਼ਾਮ ਜੀ ਮੰਗਤੇ ਤਾਂ ਪਹਿਲਾਂ ਹੀ ਬਹੁਤ ਹਨ ਹੋਰ ਨਾਂ ਵਧਾਈ ਜਾਓ। ਮੰਦਰ ਮਸਜਿਦ ਗੁਰਦਵਾਰਿਆਂ ਦੇ ਬਾਹਰ ਹਜਾਰਾਂ ਦੀ ਗਿਣਤੀ ਵਿੱਚ ਮੰਗਤਿਆਂ ਦੀ ਭੀੜ ਹੈ ਤੇ ਉਹ ਸਾਰੇ ਰੱਜੇ ਪੁੱਜੇ ਹਨ।ਕਿਸੇ ਵੀ ਚਰਚ ਦੇ ਸਾਹਮਣੇ ਕਦੇ ਕੋਈ ਮੰਗਤਾ ਨਹੀਂ ਹੁੰਦਾ ਕਿਉਂ ਜੋ ਈਸਾਈ ,ਅੰਗਰੇਜ਼ ਲੋਕ ਆਪਣੀ ਆਵਾਮ ਨੂੰ ਭਿਖਾਰੀ ਨਹੀਂ ਮਿਹਨਤੀ,ਕਿਰਤੀ ਵੇਖਣਾ ਚਾਹੁੰਦੇ ਹਨ।ਕਿਰਤ ਕਰਕੇ ਖਾਣ ਦੀ ਹਦਾਇਤ ਕਰਦੇ ਹਨ।ਉਹਨਾਂ ਦਾ ਮੰਨਣਾ ਹੈ ਕਿ ਖਾਣ ਲਈ ਇਕ ਮੂੰਹ ਤੇ ਭਰਨ ਲਈ ਇਕ ਪੇਟ,ਰੱਬ ਨੇ ਦੋ ਹੱਥ ਤੇ ਦਸ ਉਂਗਲੀਆਂ ਦਿਤੀਆਂ ਹਨ ਜੋ ਕਿ ਕਮਾਉਣ ,ਖਾਣ ਲਈ ਕਾਫ਼ੀ ਹਨ।

ਭਾਗ -2-

ਤੇ ਸਾਡੇ ਗੁਰੂ ਪੀਰਾਂ,ਸੰਤਾਂ ਦਾ ਵੀ ਇਹੋ ਉਪਦੇਸ਼ ਹੈ "ਕਰ ਕੇ ਖਾਓ"॥ ਸਾਰੇ ਗੁਰੂ ਪੀਰ ਸੰਤ ਦੇਵਤੇ ਸਾਡੀ ਧਰਤੀ ਤੇ ਹੋਏ ਹਨ ਤੇ ਉਹਨਾਂ ਦੀਆਂ ਸਿ◌ਿਖਆਵਾਂ ਦੇ ਗ੍ਰੰਥ ਵੀ ਸਾਡੇ ਕੋਲ ਹਨ ਪਰ ਉਸ ਤੇ ਅਮਲ ਵਲਾਇਤੀ ਧਰਤੀ ਦੇ ਬਾਸ਼ਿੰਦੇ ਕਰਦੇ ਹਨ।ਕਿੰਨੇ ਡਿੱਗ ਚੁਕੇ ਹਨ ਸਾਡੇ ਈਮਾਨ।ਮੰਗਤਿਆਂ ਦੀ ਭੀੜ ਵੇਖ ਕੇ ਗੁਰੂਆਂ ਦੇਵਤਿਆਂ ਦੀਆਂ ਆਤਮਾ ਹਨ ਲਹੂ ਲੁਹਾਨ॥ ਵਲਾਇਤ ਵਿੱਚ ਕਾਰਟੂਨ ਬਣ ਕੇ ,ਗਾ ਕੇ,ਸਟੰਟ ਕਰ ਕੇ ,ਜਾਨ ਜੋਖ਼ਮ ਵਿੱਚ ਪਾ ਕੇ ਪੇਟ ਭਰਨ ਦਾ ਯਤਨ ਕਰ ਲੈਂਦੇ ਹਨ ਲੋਕ ਪਰ ਹੱਥ ਅੱਡ ਕੇ ਮੰਗਦੇ ਨਹੀਂ ਹਨ।

ਸਾਡੇ ਨਿਜ਼ਾਮ ਨੇ ਹੱਥ ਤਾਂ ਕੀ ਝੋਲੀ ਅੱਡ ਭਿਖਾਰੀ ਬਣਾ ਛਡਿਆ ਹੈ ਆਵਾਮ ਨੂੰ।ਨਿਜ਼ਾਮ ਤੇ ਆਵਾਮ ਨੇ ਸ਼ਰਮ ਬੋਤਲ ਵਿੱਚ ਘੋਲ ਕੇ ਪੀ ਲਈ ਹੈ।ਆਮ ਆਦਮੀ ਪਾਰਟੀ ਦੇ ਕੰਮ ਬੋਲਣੇ ਚਾਹੀਦੇ ਸੀ ਨਾਂ ਕਿ ਲੌਲੀ ਪੋਪ ਟਾਫੀਆਂ ਦੇ ਵਾਅਦੇ ।ਇਹ ਜੋ ਨਕਦੀ ਮਹਿਲਾਵਾਂ ਨੂੰ ਦੇਣ ਦਾ ਐ◌ੇਲਾਨ ਕੀਤਾ ਗਿਆ ਹੈ,ਇਸੇ ਪੈਸੇ ਨਾਲ ਮਹਿਲਾਵਾਂ ਲਈ ਸਿਖਲਾਈ ਕੇਂਦਰ ਖੋਲੇ ਜਾਣੇ ਚਾਹੀਦੇ ਹਨ ਉਹ ਹੁਨਰਮੰਦ ਬਣ ਕੇ ਆਪਣੇ ਪੈਰਾਂ ਤੇ ਖੜੀਆਂ ਹੋਣ ।ਹਜਾਰ ਪੱਚੀ ਸੌ ਨਾਲ ਉਮਰ ਨਹੀਂ ਲੰਘਦੀ,ਨਕਦੀ ਤਾਂ ਘਰ ਦੇ ਮਰਦ ਖੋਹ ਕੇ ਲੈ ਜਾਂਦੇ ਹਨ ਤੇ ਸ਼ਰਾਬ,ਚਿੱਟਾ ਪੀ ਆਉਂਦੇ ਹਨ।

ਸੂਝਵਾਨ ਬੁੱਧਜੀਵੀ ਨੂੰ ਸਮਝ ਆ ਗਈ ਹੈ ਕਿ ਮਹਿਲਾਵਾਂ ਨੂੰ ਨਕਦੀ ਦਿੱਤੀ ਹੀ ਇਸ ਲਈ ਗਈ ਹੈ ਕਿ ਮਰਦ ਖੋਹ ਕੇ ਸ਼ਰਾਬ ਚਿੱਟਾ ਖ੍ਰੀਦ ਲੈਣ ਤੇ ਹਕੂਮਤ ਦੀ ਨਕਦੀ ਹਕੂਮਤ ਦੇ ਖਾਤੇ ਵਾਪਸ ਆ ਜਾਵੇ ਬੱਲੇ-ਹਕ◌ੂਮਤ ਦੇ ਪੱਲੇ ਤੋਂ ਨਾ ਲਗੇ ਧੇਲਾ ਤੇ ਬੱਲੇ ਬੱਲੇ ਦਾ ਲਗ ਜਾਵੇ ਮੇਲਾ॥

ਬਹੁਤੇ ਘਰਾਂ ਵਿੱਚ ਬੁੱਢੇ ਮਾਂਬਾਪ ਰਹਿੰਦੇ ਹਨ,ਕਿਤੇ ਕਿਤੇ ਇਕੱਲਾ ਜਣਾ ਵੀ ਹੈ।ਉਹਨਾਂ ਨੂੰ ( ਹੈਲਪਿੰਗ ਹੈਂਡ) ਸਹਾਇਕ ਸੇਵਾਦਾਰ ਦੀ ਚੌਵੀ ਘੰਟੇ ਲੋੜ ਹੈ ਪਰ ਨਹੀਂ ਮਿਲਦਾ ਕੋਈ ਸਹਾਇਕ ਕੋਈ ਨੌਕਰ ਉਹ ਪੈਸੇ ਹੱਥ ਵਿੱਚ ਫੜੀ ਪੁਕਾਰ ਰਹੇ ਹਨ ਤਨਖਾਹ ਲਓ ਸਾਡੀ ਮਦਦ ਕਰੋ,ਕਿਸਾਨ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਕੋਈ ਨਹੀਂ ਮਿਲਦਾ,ਕਪਾਹ ਚੁਣਨ ਲਈ ਚੋਣੀਆਂ ਨਹੀਂ ਮਿਲਦੀਆਂ।ਸਭਜੀਆਂ ਤੋੜਨ ਲਈ ਸਹਾਇਕ ਨਹੀਂ ਮਿਲਦੇ।ਮਿਲਣ ਵੀ ਕਿਥੋਂ ਜਦ ਘਰੇ ਬੈਠੈ ਨਕਦੀ ਵੀ ਮਿਲ ਰਹੀ ਹੈ ਤੇ ਮੇਰੀ ਰਸੋਈ ਵੀ ਚਲ ਸੋ ਚਲ ਹੈ। ਸਵਾਣੀਆਂ ਜੋ ਵੀਹ ਵੀਹ ਘੰਟੇ ਕੰਮ ਕਰਦੀਆਂ ਸੀ ਹੁਣ ਪਲੰਘਾਂ ਤੇ ਬੈਠੀਆਂ ਫੋਨ ਤੇ ਯੁਟਿਊਬ ਤੇ ਲਚਰਤਾ ਵੇਖਣ ਵਿੱਚ ਮਸਤ ਹਨ। ਹਕੂਮਤ ਨੇ ਜੋ ਖੁਲ੍ਹੇ ਲੰਗਰ ਵਰਤਾ ਦਿੱਤੇ ਹਨ।ਨਿਜ਼ਾਮ ਜੀ ਸਿਆਣੇ ਕਹਿੰਦੇ ਨੇ ਵਿਹਲਾ ਮਨ ਸ਼ੇ◌ੈਤਾਨ ਦੀ ਟਕਸਾਲ ਹੁੰਦਾ ਹੈ,ਤੇ ਸ਼ੈ◌ੇਤਾਨ ਦਿਨ ਬਦਿਨ ਵੱਧ ਰਹੇ ਹਨ,ਅਤੇ ਵੱਡਿਆਂ ਨੇ ਇਹ ਵੀ ਉਪਦੇਸ਼ ਤੇ ਸੰਦੇਸ਼ ਦਿੱਤਾ ਸੀ ਕਿ "ਘਰ ਬੈਠਿਆਂ ਤੇ ਖ◌ੂਹ ਖਾਲੀ ਹੋ ਜਾਂਦੇ ਹਨ" ਤੇ ਨਿਜ਼ਾਮ ਜੀ ਇੰਜ ਮੁਫ਼ਤ ਵੰਡ ਵੰਡ ਕੇ ਆਪਣਾ ਝੂੱਗਾ ਚੌੜ ਕਰਾ ਕੇ ਕਿੰਨਾ ਚਿਰ ਘਰ ਚਲਾ ਸਕੋਗੇ?ਅੱਗਾ ਦੌੜ ਪਿੱਛਾ ਚੌੜ॥ਪੰਜਾਬ ਰਾਜ ਢਹਿ ਰਿਹਾ ਹੈ ।

ਅਵਾਮ ਜੀ ਧਿਆਨ ਦਿਓ ਵੋਟਾਂ ਤਾਂ ਬਿਹਾਰ ਯੂਪੀ ਤੋ ਆਏ ਕਾਮਿਆਂ ਨੇ ਭੁਗਤਾ ਦੇਣੀਆਂ ਹਨ ਇਸ ਲਈ ਜੇ ਹਿੰਮਤ ਕਰ ਕੇ ਇਹ ਮੁਫ਼ਤ ਸਹੂਲਤਾਂ ਦਾਪ੍ਰਸ਼ਾਦ ਬੰਦ ਕਰਾ ਲਿਆ ਜਾਵੇ ਤਾਂ ਸ਼ਰਾਬ ,ਨਸ਼ਿਆਂ ਨੂੰ ਵੀ ਠੱਲ੍ਹ ਪੈ ਜਾਏਗੀ। ਸ਼ਰੀਕਾਂ ਦੇ ਮਿਹਣਿਆਂ ਵਾਲੀ ਸਿਆਸਤ ਨੂੰ ਬਾਏ ਬਾਏ ਕਹੋ।

10 ਲੱਖ ਦਾ ਮੈਡੀਕਲ ਬੀਮਾ ਤਾਂ ਹੈ ਪਰ ਡਾਕਟਰ ਨਜ਼ਰ ਨਹੀਂ ਆਉਂਦੇ।ਉਸ ਨਾਲੋਂ ਚੰਗਾ ਹੈ 'ਗੁਰੂ ਦਾ ਲੰਗਰ,ਅਤੇ 'ਤੇਰਾ ਤੇਰਾ ' ਹਸਪਤਾਲ ਚੰਡੀਗੜ੍ਹ ਵਰਗੇ ਹੋਰ ਹਸਪਤਾਲ ਪੂਰੇ ਪੰਜਾਬ ਵਿੱਚ ਖੋਹਲ ਦਿਓ।ਇਸ ਤੋਂ ਵਧੀਆ ਮੁਫ਼ਤ ਸਹੂਲਤ ਹੋਰ ਕੋਈ ਹੋ ਹੀ ਨਹੀ ਸਕਦੀ।

ਰਣਜੀਤ ਕੌਰ ਗੁੱਡੀ ਤਰਨ ਤਾਰਨ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਗੁਰਦੇ ਦੀ ਪੱਥਰੀ ਤੋਂ ਇਲਾਵਾ ਕਿੰਨੇ ਕਿਸਮ ਦੀਆਂ ਪੱਥਰੀਆਂ ਬਣਦੀਆਂ ਹਨ, ਇਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਪੇਸ਼ਕਸ਼ : ਡਾ ਅਜੀਤਪਾਲ ਸਿੰਘ ਐਮ ਡੀ



ਦੁਨੀਆ ਵਿੱਚ ਲਗਭਗ 10 ਵਿੱਚੋਂ ਇੱਕ ਵਿਅਕਤੀ ਨੂੰ ਗੁਰਦੇ ਦੀ ਪੱਥਰੀ ਦੀ ਸਮੱਸਿਆ ਹੁੰਦੀ ਹੈ

ਮਨੁੱਖੀ ਸਰੀਰ ਦੀਆਂ ਸਾਰੀਆਂ ਅਦਭੁਤ ਯੋਗਤਾਵਾਂ ਵਿੱਚੋਂ, ਸ਼ਾਇਦ ਸਭ ਤੋਂ ਅਜੀਬ ਹੈ ਪੱਥਰੀ ਪੈਦਾ ਕਰਨ ਦੀ ਸਮਰੱਥਾ। ਕਈ ਲੋਕਾਂ ਨੇ ਗੁਰਦੇ ਦੀ ਪੱਥਰੀ ਜਾਂ ਪਿੱਤੇ ਦੀ ਪੱਥਰੀ ਅਤੇ ਉਨ੍ਹਾਂ ਤੋਂ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਸੁਣਿਆ ਹੋਵੇਗਾ। ਪਰ ਇਨ੍ਹਾਂ ਤੋਂ ਇਲਾਵਾ ਸਰੀਰ ਵਿਚ ਹੋਰ ਵੀ ਪੱਥਰੀਆਂ ਹੋ ਸਕਦੀਆਂ ਹਨ ਅਤੇ ਉਹ ਸਰੀਰ ਦੇ ਅਜਿਹੇ ਹਿੱਸਿਆਂ ਵਿੱਚ ਵੀ ਹੋ ਸਕਦੀ ਹੈ, ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ।

ਸਰੀਰ ਦੇ ਇਹ ਪੱਥਰ ਕਿਸ ਨਾਲ ਬਣੇ ਹੁੰਦੇ ਹਨ? ਅਤੇ ਅਜਿਹਾ ਹੋਣ ਤੋਂ ਰੋਕਣ ਲਈ ਅਸੀਂ ਕੀ ਕਰ ਸਕਦੇ ਹਾਂ ?

ਇਹ ਅਸਲ ਵਿੱਚ ਖੂਨ ਵਿੱਚੋਂ ਲੀਕ ਹੋ ਕੇ ਪਿਸ਼ਾਬ ਵਿੱਚ ਪਾਏ ਜਾਣ ਵਾਲੇ ਕੈਲਸ਼ੀਅਮ ਅਤੇ ਆਕਸਲੇਟ ਕਾਰਨ ਬਣਦੀ ਹੈ। ਆਕਸਲੇਟ ਕੁਦਰਤੀ ਮਿਸ਼ਰਣ ਹਨ ਜੋ ਪੌਦਿਆਂ ਅਤੇ ਮਨੁੱਖਾਂ ਦੋਵਾਂ ਵਿੱਚ ਪਾਏ ਜਾਂਦੇ ਹਨ।

ਵੱਡੀ ਮਾਤਰਾ ਵਿੱਚ ਕੈਲਸ਼ੀਅਮ ਅਤੇ ਆਕਸਲੇਟ ਦੇ ਲੀਕ ਹੋਣ ਕਾਰਨ, ਇਹ ਜਮ ਸਕਦੇ ਹਨ ਅਤੇ ਇੱਕ ਸਟੋਨ ਯਾਨਿ ਪੱਥਰ ਦਾ ਰੂਪ ਲੈ ਸਕਦੇ ਹਨ। ਗੁਰਦੇ ਦੀ ਪੱਥਰੀ ਦਾ ਆਕਾਰ ਵੀ ਵੱਖਰਾ ਹੋ ਸਕਦਾ ਹੈ। ਇਹ ਚੌੜਾਈ ਵਿੱਚ ਇੱਕ ਮਿਲੀਮੀਟਰ ਤੋਂ ਘੱਟ ਚੌੜਾਈ ਤੋਂ ਲੈ ਕੇ ਇੱਕ ਸੈਂਟੀਮੀਟਰ ਜਾਂ ਉਸ ਤੋਂ ਵੱਧ ਤੱਕ ਹੋ ਸਕਦੇ ਹਨ ।

ਪਥਰੀ ਅਸਾਧਾਰਨ ਸ਼ਕਲ ਦੀ ਵੀ ਹੋ ਸਕਦੀ ਹੈ। ਪਰ ਜੇ ਕਿਡਨੀ ਕੈਨਾਲ (ਕੈਲਿਸ) ਦੀਆਂ ਸ਼ਾਖਾਵਾਂ ਦੇ ਅੰਦਰ ਪੱਥਰੀ ਬਣਨਾ ਸ਼ੁਰੂ ਹੋ ਜਾਂਦੀ ਹੈ, ਤਾਂ ਇਹ ਹਿਰਨ ਦੇ ਸਿੰਗ ਦਾ ਆਕਾਰ ਵੀ ਲੈ ਸਕਦੀ ਹੈ। ਇਸ ਨੂੰ ਸਟੈਗਹੋਰਨ ਕੈਲਕੂਲਸ ਕਿਹਾ ਜਾਂਦਾ ਹੈ ।

ਪੱਥਰੀ ਕਦੋਂ ਸਮੱਸਿਆ ਬਣ ਜਾਂਦੀ ਹੈ?

ਗੁਰਦੇ ਦੀ ਪੱਥਰੀ ਉਦੋਂ ਮੁਸੀਬਤ ਦਾ ਕਾਰਨ ਬਣ ਸਕਦੀ ਹੈ ਜਦੋਂ ਉਹ ਯੂਰੇਟਰਸ ਦੇ ਰਸਤੇ ਯਾਨਿ ਕਿਡਨੀ ਤੋਂ ਬਲੈਡਰ ਤੱਕ ਪਿਸ਼ਾਬ ਲੈ ਕੇ ਜਾਣ ਵਾਲੀਆਂ ਦੋਵੇਂ ਨਲੀਆਂ ਵਿੱਚੋਂ ਕਿਸੇ ਇੱਕ ਦਾ ਰਸਤਾ ਰੋਕ ਦੇਵੇ।

ਜੇਕਰ ਅਜਿਹਾ ਹੁੰਦਾ ਹੈ, ਤਾਂ ਨਾ ਸਿਰਫ਼ ਵਿਅਕਤੀ ਨੂੰ ਪਿਸ਼ਾਬ ਕਰਨ ਵਿੱਚ ਮੁਸ਼ਕਲ ਆਉਂਦੀ ਹੈ,ਸਗੋਂ ਉਸਦੀ ਪਿੱਠ ਦੇ ਹੇਠਲੇ ਹਿੱਸੇ ਵਿੱਚ ਵੀ ਗੰਭੀਰ ਦਰਦ ਹੋ ਸਕਦਾ ਹੈ।

ਇਸ ਕਾਰਨ ਕਿਡਨੀ ਦੇ ਆਲੇ-ਦੁਆਲੇ ਪਿਸ਼ਾਬ ਜਮ੍ਹਾ ਹੋਣ ਲੱਗਦਾ ਹੈ ਜਾਂ ਫਿਰ ਇਨਫੈਕਸ਼ਨ ਹੋਣ ਦਾ ਖ਼ਤਰਾ ਰਹਿੰਦਾ ਹੈ।

ਗਾਲ ਬਲੈਡਰ ਜਾਂ ਪਿੱਤੇ ਵਿੱਚ ਪੱਥਰੀ ਦਾ ਬਣਨਾ ਵੀ ਇੱਕ ਆਮ ਸਥਿਤੀ ਹੈ, ਇਹਨਾਂ ਨੂੰ ਗਾਲਸਟੋਨਸ ਕਿਹਾ ਜਾਂਦਾ ਹੈ।

ਇਹ ਚਰਬੀ ਹਜ਼ਮ ਕਰਨ ਵਿੱਚ ਮਦਦ ਕਰਨ ਵਾਲੇ ਪਿੱਤੇ ਨੂੰ ਪਿੱਤੇ ਤੋਂ ਅੰਤੜੀਆਂ ਤੱਕ ਲੈ ਕੇ ਜਾਣ ਵਾਲੀਆਂ ਨਾਲੀਆਂ ਵਿੱਚ ਪਿੱਤੇ ਦੇ ਅੰਦਰ ਬਣਦੀ ਹੈ। ਕੋਲੈਸਟ੍ਰੌਲ ਜਾਂ ਪਿੱਤੇ ਵਿੱਚ ਮੌਜੂਦ ਪਿਗਮੈਂਟਸ ਕਾਰਨ ਪਿੱਤੇ ਦੀ ਪੱਥਰੀ ਬਣ ਸਕਦੀ ਹੈ, ਉਹ ਇੱਕ ਜਾਂ ਇੱਕ ਤੋਂ ਵੱਧ ਹੋ ਸਕਦੀਆਂ ਹਨ।

ਗੁਰਦੇ ਦੀ ਪੱਥਰੀ ਵਾਂਗ, ਜੇ ਗਾਲਸਟੋਨ ਪਿੱਤੇ ਦੀ ਥੈਲੀ (ਜਿਵੇਂ ਕਿ ਆਮ ਪਿਤ ਨਲੀ) ਵਿੱਚ ਇੱਕ ਤੰਗ ਥਾਂ ਵਿੱਚ ਚਲੀ ਜਾਂਦੀ ਹੈ,ਤਾਂ ਉਹ ਪੇਟ ਵਿੱਚ ਦਰਦ,ਲਾਗ ਅਤੇ ਪੀਲੀਆ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

ਪਥਰੀ ਬਣਨ ਦੇ ਹੋਰ ਕਾਰਨ

ਇਨ੍ਹਾਂ ਤੋਂ ਇਲਾਵਾ ਸਰੀਰ ਦੇ ਵੱਖ-ਵੱਖ ਤਰਲ ਪਦਾਰਥਾਂ ਕਾਰਨ ਵੀ ਪੱਥਰੀ ਬਣ ਸਕਦੀ ਹੈ। ਉਦਾਹਰਨ ਲਈ, ਲਾਰ ਦੇ ਪੱਥਰ ਅਰਥਾਤ ਥੁੱਕ ਵਿੱਚ ਪੱਥਰ।

ਕੰਨਾਂ, ਜਬਾੜੇ ਅਤੇ ਜੀਭ ਦੇ ਹੇਠਾਂ ਮੌਜੂਦ ਗ੍ਰੰਥੀਆਂ ਨਾਲ ਲਾਰ ਬਣਦੀ ਹੈ। ਮੂੰਹ ਵਿੱਚ ਡ੍ਰਿੰਗਣ ਤੋਂ ਬਾਅਦ, ਇਹ ਭੋਜਨ ਨੂੰ ਗਿੱਲਾ ਕਰਨ ਅਤੇ ਪਚਣ ਦੀ ਪ੍ਰਕਿਰਿਆ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ।

ਲਾਰ ਦੀ ਪੱਥਰੀ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੇਟ ਜਿਵੇਂ ਵੱਖ-ਵੱਖ ਤੱਤਾਂ ਨਾਲ ਬਣ ਸਕਦੀ ਹੈ।

ਜਿਸ ਨਲੀ ਤੋਂ ਲਾਰ ਮੂੰਹ ਤੱਕ ਪਹੁੰਚਦੀ ਹੈ ਜੇਕਰ ਉਸ ਵਿੱਚ ਸੈਲਿਵਰੀ ਸਟੋਨ ਬਣ ਜਾਏ ਜਾਂ ਅਟਕ ਜਾਵੇ ਤਾਂ ਉਹ ਮੂੰਹ ਵਿੱਚ ਲਾਰ ਡ੍ਰਿੰਗਣ ਦੀ ਪ੍ਰਕਿਰਿਆ ਰੋਕ ਸਕਦੀ ਹੈ।

ਜੇਕਰ ਅਜਿਹਾ ਹੁੰਦਾ ਹੈ, ਤਾਂ ਵਿਅਕਤੀ ਨੂੰ ਦਰਦ ਅਤੇ ਮੂੰਹ ਵਿੱਚ ਸੋਜ ਆ ਸਕਦੀ ਹੈ। ਲਾਰ ਦੇ ਡ੍ਰਿੰਗਣ ਤੋਂ ਰੁਕਣ 'ਤੇ ਜੇਕਰ ਸੈਲਿਵਰੀ ਗ੍ਰੰਥੀ ਵਿੱਚ ਲਾਗ ਹੋਇਆ ਤਾਂ ਇਸ ਕਾਰਨ ਮੂੰਹ ਤੋਂ ਬਦਬੂ ਵੀ ਆ ਸਕਦੀ ਹੈ।

ਟੌਨਸਿਲ ਵਿੱਚ ਪੱਥਰੀ

ਇਸ ਤੋਂ ਇਲਾਵਾ ਟੌਨਸਿਲ ਵਿੱਚ ਵੀ ਪੱਥਰੀ ਪਾਈ ਜਾ ਸਕਦੀ ਹੈ। ਗਲੇ ਦੇ ਹੇਠਾਂ ਅਤੇ ਪਿਛਲੇ ਪਾਸੇ ਟੌਨਸਿਲ ਗ੍ਰੰਥੀਆਂ ਹੁੰਦੀਆਂ ਹਨ। ਇਹ ਲਿਮਫਾਈਡ ਟਿਸ਼ੂਆਂ ਦੇ ਸਮੂਹ ਹੁੰਦੇ ਹਨ ਜੋ ਸਰੀਰ ਦੀ ਇਮਿਊਨ ਸਿਸਟਮ ਦਾ ਹਿੱਸਾ ਹੁੰਦੇ ਹਨ। ਪਰ ਵਿਡੰਬਨਾ ਇਹ ਹੈ ਕਿ ਉਹ ਵਾਰ-ਵਾਰ ਸੋਜ ਅਤੇ ਸੰਕਰਮਿਤ ਹੋ ਸਕਦੇ ਹਨ।

ਟੌਨਸਿਲਸ ਵਿੱਚ ਕੈਵਿਟੀ ਯਾਨਿ ਗੱਡੇ ਹੁੰਦੇ ਹਨ, ਜਿਨ੍ਹਾਂ ਨੂੰ ਕ੍ਰਿਪਟਸ ਕਿਹਾ ਜਾਂਦਾ ਹੈ। ਕਈ ਵਾਰ ਇਹ ਕ੍ਰਿਪਟ ਭੋਜਨ ਅਤੇ ਲਾਰ ਦੇ ਟੁਕੜਿਆਂ ਨੂੰ ਰੱਖ ਸਕਦੇ ਹਨ,ਇਹ ਟੌਨਸਿਲ ਸਟੋਨ ਜਾਂ ਟੌਨਸਿਲੋਲਿਥ ਹੁੰਦਾ ਹੈ।

ਇਹ ਸੋਟਨ ਮੁਕਾਬਲਤਨ ਨਰਮ ਅਤੇ ਘੱਟ ਪਥਰੀਲੇ ਹੁੰਦੇ ਹਨ, ਪਰ ਸਮੇਂ ਦੇ ਨਾਲ ਇਹ ਸਖ਼ਤ ਵੀ ਹੋ ਸਕਦੇ ਹਨ ਅਤੇ ਮੁਸ਼ਕਲ ਬਣ ਸਕਦੇ ਹਨ।

ਇਸ ਕਾਰਨ ਵਿਅਕਤੀ ਨੂੰ ਸਾਹ ਦੀ ਬਦਬੂ ਅਤੇ ਵਾਰ-ਵਾਰ ਇਨਫੈਕਸ਼ਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਵੀ ਸਰੀਰ ਦੇ ਦੂਜੇ ਪਦਾਰਥ ਸਖ਼ਤ ਹੋ ਕੇ ਪੱਥਰੀ ਵਿੱਚ ਬਦਲ ਸਕਦੇ ਹਨ। ਉਦਾਹਰਨ ਲਈ, ਕੁਝ ਮਾਮਲਿਆਂ ਵਿੱਚ, ਮਨੁੱਖੀ ਮਨ ਇੰਨਾ ਸਖ਼ਤ ਹੋ ਸਕਦਾ ਹੈ ਕਿ ਇਹ ਪੱਥਰ ਵਾਂਗ ਸਖ਼ਤ ਹੋ ਜਾਵੇ। ਇਸ ਨੂੰ ਕ੍ਰੋਪੋਲਾਈਟ ਕਿਹਾ ਜਾਂਦਾ ਹੈ।ਇਸ ਤੋਂ ਇਲਾਵਾ ਨਾਭੀ ਵਿਚ ਜਮਾਂ ਹੋਣ ਵਾਲੇ ਚਮੜੀ ਦੇ ਟੁਕੜੇ ਵੀ ਸਖ਼ਤ ਹੋ ਕੇ ਪੱਥਰ ਵਰਗੇ ਬਣ ਸਕਦੇ ਹਨ। ਇਨ੍ਹਾਂ ਪੱਥਰਾਂ ਨੂੰ ਓਮਫਾਲੋਲਿਥ ਕਿਹਾ ਜਾਂਦਾ ਹੈ ।

ਪਥਰੀ ਨਾ ਹੋਵੇ, ਇਸ ਲਈ ਕੀ ਕਰੀਏ?

ਇਹ ਚੰਗੀ ਗੱਲ ਹੈ ਕਿ ਕੁਝ ਆਸਾਨ ਤਰੀਕੇ ਅਪਣਾ ਕੇ ਅਸੀਂ ਮੁਸ਼ਕਲ ਪੈਦਾ ਕਰਨ ਵਾਲੀ ਪੱਥਰੀ ਤੋਂ ਬਚ ਸਕਦੇ ਹਾਂ।

ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਗੱਲ ਸਰੀਰ ਵਿੱਚ ਪਾਣੀ ਦੀ ਸਹੀ ਮਾਤਰਾ ਦਾ ਹੋਣਾ ਹੈ। ਪਾਣੀ ਦੀ ਸਹੀ ਮਾਤਰਾ ਪੀਣ ਨਾਲ ਪਿਸ਼ਾਬ ਪਤਲਾ ਹੋ ਜਾਂਦਾ ਹੈ, ਜੋ ਕਬਜ਼ ਨੂੰ ਰੋਕਦਾ ਹੈ ਅਤੇ ਮੂੰਹ ਵਿੱਚ ਬੈਕਟੀਰੀਆ ਬਣਨ ਤੋਂ ਰੋਕਦਾ ਹੈ।

ਇਹ ਤਰੀਕਾ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਪੱਥਰੀਆਂ ਨੂੰ ਬਣਨ ਤੋਂ ਰੋਕ ਸਕਦਾ ਹੈ।

ਟੌਨਸਿਲ ਸਟੋਨ ਤੋਂ ਬਚਣ ਲਈ ਮੂੰਹ ਨੂੰ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ। ਨਿਯਮਤ ਬੁਰਸ਼ ਕਰਨ ਨਾਲ ਵੀ ਇਸ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਖੁਰਾਕ ਵੀ ਜ਼ਰੂਰੀ ਹੈ, ਖ਼ਾਸ ਕਰਕੇ ਪਿੱਤੇ ਦੀ ਪੱਥਰੀ ਲਈ। ਚਰਬੀ ਵਾਲਾ ਭੋਜਨ ਅਤੇ ਮੋਟਾਪਾ ਅਜਿਹੀ ਪੱਥਰੀ ਦਾ ਕਾਰਨ ਬਣ ਸਕਦਾ ਹੈ। ਕਈ ਅਜਿਹੇ ਕਾਰਨ ਵੀ ਹਨ ਜਿਨ੍ਹਾਂ ਤੋਂ ਤੁਸੀਂ ਚਾਹੋ ਤਾਂ ਵੀ ਬਚ ਨਹੀਂ ਸਕਦੇ, ਜਿਵੇਂ ਕਿ ਔਰਤ ਦਾ 40 ਸਾਲ ਤੋਂ ਵੱਧ ਉਮਰ ਦਾ ਹੋਣਾ, ਜਿਸ ਨਾਲ ਪਿੱਤੇ ਦੀ ਪੱਥਰੀ ਬਣਨ ਦੀ ਸੰਭਾਵਨਾ ਵੱਧ ਜਾਂਦੀ ਹੈ।

ਕੈਲਸ਼ੀਅਮ ਅਤੇ ਆਕਸਲੇਟ ਨਾਲ ਭਰਪੂਰ ਭੋਜਨਾਂ ਤੋਂ ਪਰਹੇਜ਼ ਕਰਨਾ, ਜਿਵੇਂ ਕਿ ਡੇਅਰੀ ਉਤਪਾਦ, ਪਾਲਕ ਅਤੇ ਰੂਬਾਰਬ, ਗੁਰਦੇ ਦੀ ਪੱਥਰੀ ਨੂੰ ਰੋਕਣ ਵਿੱਚ ਵੀ ਮਦਦ ਕਰ ਸਕਦੇ ਹਨ ।

ਜੇ ਪਹਿਲਾਂ ਹੀ ਪੱਥਰੀ ਦੀ ਸਮੱਸਿਆ ਹੈ ?

ਇੱਕ ਸਵਾਲ ਇਹ ਵੀ ਹੈ ਕਿ ਜੇਕਰ ਕਿਸੇ ਨੂੰ ਪਹਿਲਾਂ ਹੀ ਪੱਥਰੀ ਹੈ ਤਾਂ ਕੀ ਹੋਵੇਗਾ? ਜੇਕਰ ਵਿਅਕਤੀ ਇਸ ਕਾਰਨ ਬਿਮਾਰ ਮਹਿਸੂਸ ਕਰ ਰਿਹਾ ਹੋਵੇ ਤਾਂ ਐਂਡੋਸਕੋਪੀ ਜਾਂ ਆਪਰੇਸ਼ਨ ਰਾਹੀਂ ਪੱਥਰੀ ਨੂੰ ਕੱਢਣਾ ਪੈ ਸਕਦਾ ਹੈ।

ਗੁਰਦੇ ਦੀ ਪੱਥਰੀ ਦੇ ਮਾਮਲੇ ਵਿੱਚ, ਤੁਸੀਂ ਉਦੋਂ ਤੱਕ ਇੰਤਜ਼ਾਰ ਕਰ ਸਕਦੇ ਹੋ ਜਦੋਂ ਤੱਕ ਪੱਥਰੀ ਪਿਸ਼ਾਬ ਦੀ ਪਾਈਪ ਰਾਹੀਂ ਬਲੈਡਰ ਤੱਕ ਨਹੀਂ ਪਹੁੰਚਦੀ ਅਤੇ ਸਰੀਰ ਤੋਂ ਬਾਹਰ ਨਾ ਨਿਕਲ ਜਾਵੇ।

ਕਈ ਵਾਰ, ਜਦੋਂ ਮਸਾਨੇ ਤੋਂ ਪੱਥਰੀ ਨਿਕਲਦੀ ਹੈ, ਤਾਂ ਪੱਥਰੀ ਦੇ ਸਿੰਕ ਨਾਲ ਟਕਰਾਉਣ ਕਾਰਨ ਇਹ ਹੌਲੀ ਜਿਹੀ ਆਵਾਜ਼ ਵੀ ਆ ਸਕਦੀ ਹੈ।

ਇਹ ਵੀ ਸੰਭਵ ਹੈ ਕਿ ਤੁਹਾਡਾ ਡਾਕਟਰ ਤੁਹਾਨੂੰ ਪੱਥਰੀ ਨੂੰ ਫੜਨ ਲਈ ਪਿਸ਼ਾਬ ਕਰਦੇ ਸਮੇਂ ਚਾਹ ਵਾਲੀ ਪੋਣੀ ਦੀ ਵਰਤੋਂ ਕਰਨ ਲਈ ਕਹਿ ਸਕਦਾ ਹੈ। ਕਈ ਵਾਰ ਨਿੰਬੂ ਚੂਸਣ ਨਾਲ ਸੈਲਿਵਰੀ ਸਟੋਨ ਤੋਂ ਰਾਹਤ ਮਿਲ ਸਕਦੀ ਹੈ। ਨਿੰਬੂ ਲਾਰ ਬਣਾਉਣ ਦੀ ਪ੍ਰਕਿਰਿਆ ਨੂੰ ਵਧਾ ਸਕਦਾ ਹੈ ਤਾਂ ਜਿਸ ਨਾਲ ਲਾਰ ਦੀ ਨਲੀ ਵਿੱਚ ਇੱਕੋ ਵਾਰ ਵਧੇਰੇ ਲਾਰ ਆਵੇ ਅਤੇ ਇਸ ਤਰ੍ਹਾਂ ਸਟੋਨ ਬਾਹਰ ਨਿਕਲ ਜਾਵੇ।

ਸੈਲਿਵਰੀ ਸਟੋਨ ਅਤੇ ਟੌਨਸਿਲੋਲਿਥ ਨੂੰ ਇੱਕ ਫਲੈਟ ਸਾਧਨ ਦੀ ਵਰਤੋਂ ਕਰਕੇ ਵੀ ਹਟਾਇਆ ਜਾ ਸਕਦਾ ਹੈ।

ਦੇਖਿਆ ਜਾਵੇ ਤਾਂ ਵੱਖ-ਵੱਖ ਕਿਸਮਾਂ ਦੀਆਂ ਪੱਥਰੀਆਂ ਲਈ ਵੱਖ-ਵੱਖ ਕਿਸਮਾਂ ਦੇ ਇਲਾਜ ਉਪਲਬਧ ਹਨ, ਪਰ ਸਧਾਰਨ ਰੋਜ਼ਾਨਾ ਉਪਾਅ ਉਹਨਾਂ ਦੇ ਬਣਨ ਦੇ ਜੋਖ਼ਮ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦੇ ਹਨ ।

* ਇਹ ਜਾਣਕਾਰੀ ਸਕੂਲ ਆਫ਼ ਫਿਜ਼ੀਓਲੋਜੀ, ਫਾਰਮਾਕੋਲੋਜੀ ਅਤੇ ਨਿਊਰੋਸਾਇੰਸ, ਬ੍ਰਿਸਟਲ ਯੂਨੀਵਰਸਿਟੀ, ਯੂਕੇ ਦੇ ਸੀਨੀਅਰ ਲੈਕਚਰਾਰ ਡੈਨੀਅਲ ਬਾਮਗਾਰਡ ਦੇ ਇੱਕ ਲੇਖ ਤੋਂ ਲਈ ਗਈ ਹੈ। ਇਹ ਲੇਖ ਦਿ ਕਨਵਰਸੇਸ਼ਨ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ।

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156 29301



## ਰੰਧਾਵਾ ਖੁਦਕੁਸ਼ੀ ਮਾਮਲਾ: ਪਰਿਵਾਰ ਨੇ ਸਮੂਹ ਸੰਸਦ ਮੈਂਬਰਾਂ ਨੂੰ ਕੀਤੀ ਅਪੀਲ, ਸੀਬੀਆਈ ਜਾਂਚ ਵਿੱਚ ਸਹਿਯੋਗ ਦੇਣ ਦੀ ਮੰਗੀ ਮਦਦ

**ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਦੇ ਮਾਮਲੇ ਵਿੱਚ ਪੀੜਤ ਪਰਿਵਾਰ ਨੇ ਹੁਣ ਸਿਆਸੀ ਪੱਧਰ 'ਤੇ ਇਨਸਾਫ਼ ਦੀ ਗੁਹਾਰ ਲਗਾਈ ਹੈ। ਪਰਿਵਾਰ ਨੇ ਦੇਸ਼ ਦੇ ਸਮੂਹ ਸੰਸਦ ਮੈਂਬਰਾਂ (MPs) ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਸੀਬੀਆਈ (CBI) ਜਾਂਚ ਨੂੰ ਯਕੀਨੀ ਬਣਾਉਣ ਅਤੇ ਸੱਚਾਈ ਸਾਹਮਣੇ ਲਿਆਉਣ ਵਿੱਚ ਆਪਣਾ ਸਹਿਯੋਗ ਦੇਣ। ਪਰਿਵਾਰ ਦਾ ਦੋਸ਼ ਹੈ ਕਿ ਸਥਾਨਕ ਪੁਲਿਸ ਜਾਂਚ ਵਿੱਚ ਪਾਰਦਰਸ਼ਤਾ ਦੀ ਘਾਟ ਹੈ।**

ਅੰਮ੍ਰਿਤਸਰ ਵਿੱਚ ਤਾਇਨਾਤ ਰਹੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਭੇਤਭਰੀ ਮੌਤ ਅਤੇ ਖੁਦਕੁਸ਼ੀ ਦੇ ਮਾਮਲੇ ਨੇ ਹੁਣ ਰਾਸ਼ਟਰੀ ਪੱਧਰ 'ਤੇ ਤੂਲ ਫੜ ਲਿਆ ਹੈ। ਇਨਸਾਫ਼ ਦੀ ਲੜਾਈ ਲੜ ਰਹੇ ਰੰਧਾਵਾ ਦੇ ਪਰਿਵਾਰ ਨੇ ਇੱਕ ਭਾਵੁਕ ਅਪੀਲ ਜਾਰੀ ਕਰਦਿਆਂ ਦੇਸ਼ ਦੇ ਸਾਰੇ ਸੰਸਦ ਮੈਂਬਰਾਂ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਗਗਨਦੀਪ ਇੱਕ ਇਮਾਨਦਾਰ ਅਧਿਕਾਰੀ ਸੀ ਅਤੇ ਉਸ ਦੀ ਮੌਤ ਸਿਰਫ਼ ਇੱਕ ਖੁਦਕੁਸ਼ੀ ਨਹੀਂ, ਸਗੋਂ ਸਿਆਸੀ ਅਤੇ ਪ੍ਰਸ਼ਾਸਨਿਕ ਦਬਾਅ ਦਾ ਨਤੀਜਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਤਰ੍ਹਾਂ ਦੇ ਹਾਲਾਤਾਂ ਵਿੱਚ ਇਹ ਘਟਨਾ ਵਾਪਰੀ, ਉਸ ਦੀ ਨਿਰਪੱਖ ਜਾਂਚ ਕੇਵਲ ਕੇਂਦਰੀ ਜਾਂਚ ਏਜੰਸੀ (CBI) ਹੀ ਕਰ ਸਕਦੀ ਹੈ। ਪਰਿਵਾਰ ਨੇ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਸੰਸਦ ਵਿੱਚ ਇਸ ਮੁੱਦੇ ਨੂੰ ਉਠਾਉਣ ਅਤੇ ਪੰਜਾਬ ਸਰਕਾਰ 'ਤੇ ਸੀਬੀਆਈ ਜਾਂਚ ਦੀ ਸਿਫਾਰਸ਼ ਕਰਨ ਲਈ ਦਬਾਅ ਪਾਉਣ।

ਪੀੜਤ ਪਰਿਵਾਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਮੌਜੂਦਾ ਰਾਜਨੀਤਿਕ ਪ੍ਰਭਾਵ ਹੇਠ ਹੋ ਰਹੀ ਜਾਂਚ 'ਤੇ ਭਰੋਸਾ ਨਹੀਂ ਹੈ। ਉਨ੍ਹਾਂ ਅਨੁਸਾਰ, ਜਦੋਂ ਤੱਕ ਇਸ ਮਾਮਲੇ ਵਿੱਚ ਸ਼ਾਮਲ ਉੱਚ-ਪੱਧਰੀ ਸਿਆਸੀ ਹਸਤੀਆਂ ਅਤੇ ਅਧਿਕਾਰੀਆਂ ਦੀ ਭੂਮਿਕਾ ਦੀ ਪੜਤਾਲ ਨਹੀਂ ਹੁੰਦੀ, ਉਦੋਂ ਤੱਕ ਸੱਚਾਈ ਬਾਹਰ ਨਹੀਂ ਆਵੇਗੀ। ਰੰਧਾਵਾ ਦੀ ਮੌਤ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਪਹਿਲਾਂ ਹੀ ਕਾਫ਼ੀ ਗਰਮਾ-ਗਰਮੀ ਹੈ, ਅਤੇ ਹੁਣ ਪਰਿਵਾਰ ਵੱਲੋਂ ਸੰਸਦ ਮੈਂਬਰਾਂ ਤੱਕ ਪਹੁੰਚ ਕਰਨ ਨਾਲ ਇਹ ਮਾਮਲਾ ਹੋਰ ਗੰਭੀਰ ਹੋ ਗਿਆ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

## ਚਾਰ ਸਾਲ ਬੀਤਣ ਤੇ ਵੀ ਆਸਾ ਵਰਕਰਜ ਨੂੰ ਸਰਕਾਰ ਨੇ ਨਹੀ ਦਿੱਤੀ ਦੁੱਗਣੀ ਤਨਖਾਹ- ਆਗੂ



ਲਗਾਤਾਰ ਜਾਰੀ ਰਹੇਗਾ ਆਸ਼ਾ ਵਰਕਰਜ ਯੂਨੀਅਨ ਰੋਸ ਪ੍ਰਦਰਸ਼ਨ ।

**ਗੁਰਪ੍ਰੀਤ ਸਿੰਘ ਕੱਦ ਗਿੱਲ ,ਤਰਨ ਤਾਰਨ 25 ਮਾਰਚ-** ਬੀਤੇ ਦਿਨਾਂ ਤੋ ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਪੰਜਾਬ ਜ਼ਿਲ੍ਹਾ ਤਰਨ ਤਾਰਨ ਵੱਲੋ ਮੰਗਾ ਨੂੰ ਲੈ ਬੁਧਵਾਰ ਦਸਵੇਂ ਦਿਨ ਵੀ ਜਾਰੀ ਰੱਖਦਿਆਂ ਆਸ਼ਾ ਵਰਕਰਜ ਵੱਲੋ ਸਿਵਲ ਸਰਜਨ ਦਫ਼ਤਰ ਤਰਨ ਤਾਰਨ ਵਿਖੇ ਇਕੱਠੇ ਹੋ ਕਿ ਸਰਕਾਰ ਵਿਰੁੱਧ ਜੋਰਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਮਨਦੀਪ ਕੌਰ ਝਬਾਲ, ਮਨਜੀਤ ਕੌਰ ਗੋਹਲਵੜ੍ਹ, ਪਰਮਜੀਤ ਕੌਰ ਮਾਲੂਵਾਲ, ਪੂਨਮ ਕੁਮਾਰੀ ਤਰਨ ਤਾਰਨ, ਦੀ ਅਗਵਾਈ ਇਸ ਮੌਕੇ ਆਸ਼ਾ ਵਰਕਰਜ ਆਗੂਆਂ ਮੰਗ ਕੀਤੀ ਕਿ ਆਸ਼ਾ ਵਰਕਰਜ/ਫੈਸੀਲਿਟੇਟਰਜ ਪਿਛਲੇ ਅਠਾਰਾਂ ਸਾਲ ਤੋਂ ਬੜੀ ਮਿਹਨਤ ਨਾਲ ਸਿਹਤ ਵਿਭਾਗ ਵਿਚ ਦਿਨ ਰਾਤ ਕੰਮ ਕਰਦੀਆਂ ਹਨ, ਪਰ ਬਦਲੇ ਵਿਚ ਉਹਨਾਂ ਨੂੰ ਨਿਗੂਣੇ ਭੱਤੇ ਅਤੇ ਕੇਵਲ 2500/- ਰੁਪਿਆ ਮਹੀਨੇ ਦਿੱਤਾ ਜਾਂਦਾ ਜੋ ਇਕ ਸਰਕਾਰੀ ਵਰਕਰ ਨਾਲ ਕੋਝਾ ਮਜ਼ਾਕ ਹੈ। ਕਰੋਨਾ ਕਾਲ ਵਿਚ ਜਦੋਂ ਮੌਤ ਤੋਂ ਡਰਦਾ ਕੋਈ ਡਾਕਟਰ ਕਿਸੇ ਵੀ ਮਰੀਜ਼ ਨੂੰ ਦਵਾਈ ਤਾਂ ਕੀ, ਮੂੰਹ ਨਹੀਂ ਸੀ ਦੇਖਣਾ ਚਾਹੁੰਦਾ, ਪਰ ਆਸ਼ਾ ਵਰਕਰਜ ਨੇ ਫਰੰਟ ਲਾਈਨ ਤੇ ਕੰਮ ਕਰਕੇ ਲੋਕਾਂ ਦੀ ਜਾਨ ਬਚਾਉਂਦੀਆਂ ਰਹੀਆਂ ਹਨ। ਪੰਜਾਬ ਸਰਕਾਰ ਨੇ ਉਨ੍ਹਾਂ ਨਾਲ ਵਾਅਦਾ ਖਿਲਾਫੀ ਕਰਦਿਆਂ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਾ ਤਾਂ ਕਿਸੇ ਭੱਤੇ ਵਿਚ ਵਾਧਾ ਕੀਤਾ ਅਤੇ ਨਾ ਹੀ ਕੋਈ ਬਝਵੀ ਸਨਮਾਨਯੋਗ ਤਨਖਾਹ ਦਿੱਤੀ ਹੈ, ਜਿਸ ਕਰਕੇ ਸਾਨੂੰ ਮਜਬੂਰ ਹੋ ਕੇ 16 ਮਾਰਚ ਤੋਂ 28 ਮਾਰਚ ਤੱਕ ਸਾਰੇ ਕੰਮਾਂ ਦਾ ਬਾਈਕਾਟ ਕਰਨਾ ਪਿਆ।। ਇਸ ਮੌਕੇ ਜਸਬੀਰ ਕੌਰ ਡਾਲੇਕੇ,ਪ੍ਰਭਜੀਤ ਕੌਰ ਝਬਾਲ, ਪੂਨਮ ਤਰਨ ਤਾਰਨ, ਸਿੰਦਰਪਾਲ ਕੌਰ ਕੱਦਗਿਲ, ਦਵਿੰਦਰ ਕੌਰ ਝਬਾਲ, ਬਲਵਿੰਦਰ ਕੌਰ ਖਾਰਾ, ਸਿਮਰਨ ਪੰਡੋਰੀ ਗੋਲਾ, ਤੇਜਿੰਦਰ ਕੌਰ ਜਮਸਤਪੁਰ, ਸਿਰੋਜ ਬਾਲਾ ਠਰੂ, ਮਨਜੀਤ ਕੌਰ ਮਲੀਆ, ਪਰਮਜੀਤ ਕੌਰ ਨੌਰੰਗਾਬਾਦ, ਅੰਜੂ ਤਰਨ ਤਾਰਨ, ਕੁਲਦੀਪ ਕੌਰ ਮੁਰਾਦਪੁਰ, ਜਸਬੀਰ ਕੌਰ ਮਾਣੋਚਾਲ੍ਹ, ਗੁਰਪ੍ਰੀਤ ਕੌਰ ਬਾਠ,ਰਵਿੰਦਰਪਾਲ ਕੌਰ ਸ਼ੇਖ, ਹਰਜਿੰਦਰ ਕੌਰ ਖਾਰਾ ਅਤੇ ਪੰਜਾਬ ਸੁਬਾਰਡੀਨੇਟ ਸਰਸਵਿਜ ਫੈਡਰੇਸ਼ਨ ਦੇ ਜਿਲਾ ਪ੍ਰਧਾਨ ਕਾਰਜ ਸਿੰਘ ਕੈਰੋਂ ਆਦਿ ਆਗੂ ਹਾਜਰ ਸਨ।

# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਵਿਖੇ ਜੀਵਨ-ਰੱਖਿਅਕ ਹੁਨਰਾਂ ਬਾਰੇ ਸਿਖਲਾਈ ਸੈਸ਼ਨ ਦਾ ਆਯੋਜਨ



**ਚੋਹਲਾ ਸਾਹਿਬ 25 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਵੱਲੋਂ 'ਬੇਸਿਕ ਲਾਈਫ ਸਪੋਰਟ' ਅਤੇ 'ਕਾਰਡੀਓਪਲਮੋਨਰੀ ਰੀਸਸੀਟੇਸ਼ਨ' ਵਿਸ਼ੇ 'ਤੇ ਇੱਕ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਵਿਹਾਰਕ ਸਿਖਲਾਈ ਸੈਸ਼ਨ ਕਰਵਾਇਆ ਗਿਆ। ਇਹ ਸੈਸ਼ਨ ਅਪੋਲੋ ਹਸਪਤਾਲਾਂ ਦੁਆਰਾ ਸਥਾਪਿਤ ਇੱਕ ਗੈਰ-ਸਰਕਾਰੀ ਸੰਸਥਾ , 'ਦਿ ਬਿਲੀਅਨ ਹਾਰਟਸ ਬੀਟਿੰਗ ਫਾਊਂਡੇਸ਼ਨ' ਦੀ ਪੰਜਾਬ ਟੀਮ ਦੁਆਰਾ ਚਲਾਇਆ ਗਿਆ।ਇਸ ਸਿਖਲਾਈ ਪ੍ਰੋਗਰਾਮ ਵਿੱਚ ਕਾਲਜ ਦੇ ਫੈਕਲਟੀ ਮੈਂਬਰਾਂ ਦੇ ਨਾਲ-ਨਾਲ ਲਗਭਗ ਇੱਕ ਸੌ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸੈਸ਼ਨ ਦਾ ਉਦੇਸ਼ ਭਾਗੀਦਾਰਾਂ ਨੂੰ ਜ਼ਰੂਰੀ ਜੀਵਨ-ਰੱਖਿਅਕ ਹੁਨਰਾਂ ਨਾਲ ਲੈਸ ਕਰਨਾ ਸੀ ਤਾਂ ਜੋ ਦਿਲ ਦਾ ਦੌਰਾ (ਕਾਰਡਿਅਕ ਅਰੈਸਟ) ਵਰਗੀਆਂ ਡਾਕਟਰੀ ਐਮਰਜੈਂਸੀ ਦੌਰਾਨ ਪ੍ਰਭਾਵਸ਼ਾਲੀ ਢੰਗ ਨਾਲ ਕਾਰਵਾਈ ਕੀਤੀ ਜਾ ਸਕੇ। ਫਾਊਂਡੇਸ਼ਨ ਦੀ ਮਾਹਿਰ ਟੀਮ, ਜਿਸ ਵਿੱਚ ਸ੍ਰੀ ਅਰਸ਼ਦੀਪ ਸਿੰਘ ਚੀਮਾ ਅਤੇ ਸ੍ਰੀ ਰਾਜੇਸ਼ਵਰ ਸਿੰਘ ਸ਼ਾਮਲ ਸਨ, ਨੇ ਸੀ.ਪੀ.ਆਰ ਤਕਨੀਕਾਂ ਅਤੇ ਬੀ.ਐਲ.ਐਸ ਪ੍ਰਕਿਰਿਆਵਾਂ ਦਾ ਪੜਾਅਵਾਰ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਤੋਂ ਬਾਅਦ ਵਿਦਿਆਰਥੀਆਂ ਲਈ ਹੱਥੀਂ ਅਭਿਆਸ ਸੈਸ਼ਨ ਕਰਵਾਏ ਗਏ। ਭਾਗੀਦਾਰਾਂ ਨੇ ਸਿਖਲਾਈ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਆਤਮ-ਵਿਸ਼ਵਾਸ ਤੇ ਸੂਝ-ਬੂਝ ਨਾਲ ਨਾਜ਼ੁਕ ਸਥਿਤੀਆਂ ਨੂੰ ਸੰਭਾਲਣ ਬਾਰੇ ਵਿਹਾਰਕ ਗਿਆਨ ਪ੍ਰਾਪਤ ਕੀਤਾ। ਫੈਕਲਟੀ ਮੈਂਬਰਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਅਜਿਹੇ ਸਿਖਲਾਈ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਿੱਥੇ ਸਮੇਂ ਸਿਰ ਕੀਤੀ ਗਈ ਕਾਰਵਾਈ ਕੀਮਤੀ ਜਾਨਾਂ ਬਚਾ ਸਕਦੀ ਹੈ।ਪ੍ਰਿੰਸੀਪਲ ਡਾ. ਜਸਬੀਰ ਸਿੰਘ ਨੇ ਫਾਊਂਡੇਸ਼ਨ ਦੀ ਟੀਮ ਦੇ ਸਮਰਪਿਤ ਯਤਨਾਂ ਅਤੇ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਵਿਦਿਆਰਥੀਆਂ ਵਿੱਚ ਜਾਗਰੂਕਤਾ ਅਤੇ ਤਿਆਰੀ ਨੂੰ ਉਤਸ਼ਾਹਿਤ ਕਰਨ ਲਈ ਭਵਿੱਖ ਵਿੱਚ ਅਜਿਹੇ ਹੋਰ ਪ੍ਰੋਗਰਾਮ ਉਲੀਕੇ ਜਾਣਗੇ।ਇਹ ਸੈਸ਼ਨ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਇਆ, ਜਿਸ ਨਾਲ ਭਾਗੀਦਾਰ ਐਮਰਜੈਂਸੀ ਸਥਿਤੀਆਂ ਵਿੱਚ ਕੰਮ ਕਰਨ ਦੀ ਆਪਣੀ ਯੋਗਤਾ ਬਾਰੇ ਵਧੇਰੇ ਜਾਣਕਾਰੀ ਅਤੇ ਵਿਸ਼ਵਾਸ ਨਾਲ ਭਰਪੂਰ ਹੋਏ।

# ਤਹਿਸੀਲਦਾਰ ਲਛਮਣ ਸਿੰਘ ਦਾ ਤਰਨਤਾਰਨ ਅਹੁਦਾ ਸੰਭਾਲਣ ਤੇ ਕੀਤਾ ਸੁਆਗਤ



**ਲਛਮਣ ਸਿੰਘ ਤਹਿਸੀਲਦਾਰ ਦਾ ਤਰਨਤਾਰਨ ਦਾ ਸੁਆਗਤ ਕਰਦੇ ਨੰਬਰਦਾਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਜੀਉਬਾਲ,ਸੀਨੀਅਰ ਮੀਤ ਪ੍ਰਧਾਨ ਤਰਸੇਮ ਸਿੰਘ ਅਲਾਦੀਨਪੁਰ,ਮਨਜੀਤ ਸਿੰਘ ਅਤੇ ਹੋਰ। |**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 25 ਮਾਰਚ

ਤਹਿਸੀਲਦਾਰ ਲਛਮਣ ਸਿੰਘ ਦਾ ਅਹੁਦਾ ਸੰਭਾਲਣ ਤੇ ਸਮੂਹ ਨੰਬਰਦਾਰ ਯੂਨੀਅਨ ਵੱਲੋ ਤਰਨਤਾਰਨ ਦੇ ਤਹਿਸੀਲ ਕੰਪਲੈਕਸ ਵਿਖੇ ਭਰਵਾ ਸੁਆਗਤ ਕੀਤਾ ਗਿਆ।ਇਸ ਮੌਕੇ ਤਹਿਸੀਲਦਾਰ ਲਛਮਣ ਸਿੰਘ ਨੇ ਕਿਹਾ ਕਿ ਤਹਿਸੀਲ ਵਿਚ ਆਉਣ ਵਾਲੇ ਸਾਰੇ ਨਾਗਰਿਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਦਫ਼ਤਰ ਵਿਖੇ ਆਉਣ ਵਾਲੇ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨੰਬਰਦਾਰ ਯੂਨੀਅਨ ਦਾ ਇਹ ਮਾਣ ਸਤਿਕਾਰ ਕਰਨ ਲਈ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਵਿਭਾਗੀ ਕੰਮ ਲਈ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਹ ਹਮੇਸ਼ਾ ਇਨ੍ਹਾਂ ਨਾਲ ਮਿਲ ਕਿ ਸਰਕਾਰ ਵੱਲੋ ਦਿੱਤੀਆਂ ਜਾ ਰਹੀ ਸਹੂਲਤਾਂ ਨੂੰ ਲੋਕਾਂ ਤੱਕ ਪੁਜਦਾ ਕਰਨ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਰੀਡਰ ਪ੍ਰਤਾਪ ਸਿੰਘ,ਨੰਬਰਦਾਰ ਯੂਨੀਅਨ ਪ੍ਰਧਾਨ ਕਸ਼ਮੀਰ ਸਿੰਘ ਜੀਉਬਾਲ,ਸੀਨੀਅਰ ਮੀਤ ਪ੍ਰਧਾਨ ਤਰਸੇਮ ਸਿੰਘ ਅਲਾਦੀਨਪੁਰ, ਜਰਨਲ ਸਕੱਤਰ ਸ਼ਰਨਜੀਤ ਸਿੰਘ ਪੱਖੋਕੇ,ਜਨ.ਸਕੱਤਰ ਮਨਜੀਤ ਸਿੰਘ,ਜਸਬੀਰ ਸਿੰਘ ਕਾਜੀਕੋਟ,ਪ੍ਰੈਸ ਸਕੱਤਰ ਮਨਜੀਤ ਸਿੰਘ ਤਰਨ ਤਰਨ,ਜਸਬੀਰ ਸਿੰਘ ਫਤਿਹਚੱਕ,ਪਵਨਦੀਪ ਤੁਲੀ, ਗੁਰਦੇਵ ਸਿੰਘ ਕੱਕਾ ਕੰਡਿਆਲਾ, ਦਿਲਬਾਗ ਸਿੰਘ ਪੰਡੋਰੀ ਗੋਲਾ, ਪ੍ਰਤਾਪ ਸਿੰਘ,ਬਲਵੀਰ ਸਿੰਘ, ਮਲੀਆ,ਸੁਖਰਾਜ ਸਿੰਘ ਕਾਜੀਕੋਟ ਆਦਿ ਵੀ ਮੌਜੂਦ ਸਨ।

# ਗਾਇਕ ਲੱਕੀ ਚੋਹਲਾ ਦੀ ਧਾਰਮਿਕ ਭੇਂਟ 'ਜੈ ਜੈ ਕਾਰ' ਦਿਵਿਆ ਚੈਨਲ 'ਤੇ ਪ੍ਰਸਾਰਿਤ, ਸੰਗਤਾਂ 'ਚ ਭਾਰੀ ਉਤਸ਼ਾਹ




**ਚੋਹਲਾ ਸਾਹਿਬ 25 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਪ੍ਰਸਿੱਧ ਗਾਇਕ ਲੱਕੀ ਚੋਹਲਾ ਦੀ ਨਵੀਂ ਧਾਰਮਿਕ ਭੇਂਟ 'ਜੈ ਜੈ ਕਾਰ', ਜੋ ਕਿ ਬੀਤੇ ਦਿਨੀਂ 'ਮਝੈਲ ਮਿਊਜ਼ਿਕ ਕੰਪਨੀ' ਵੱਲੋਂ ਰਿਲੀਜ਼ ਕੀਤੀ ਗਈ ਸੀ, ਹੁਣ ਕੌਮੀ ਪੱਧਰ ਦੇ ਅਧਿਆਤਮਿਕ ਚੈਨਲ 'ਦਿਵਿਆ' 'ਤੇ ਪ੍ਰਸਾਰਿਤ ਹੋਣੀ ਸ਼ੁਰੂ ਹੋ ਗਈ ਹੈ। ਦੁਪਹਿਰ 12:30 ਵਜੇ ਪ੍ਰਸਾਰਿਤ ਹੋ ਰਹੀ ਇਸ ਭੇਂਟ ਨੂੰ ਲੈ ਕੇ ਸਰੋਤਿਆਂ ਅਤੇ ਧਾਰਮਿਕ ਜਗਤ ਨਾਲ ਜੁੜੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਲੱਕੀ ਚੋਹਲਾ ਦੀ ਇਸ ਪੇਸ਼ਕਾਰੀ ਦੀ ਲੋਕ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਚੈਨਲ 'ਤੇ ਇਸ ਦੇ ਪ੍ਰਸਾਰਣ ਨਾਲ ਜਿੱਥੇ ਗਾਇਕ ਦੇ ਪ੍ਰਸ਼ੰਸਕਾਂ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਹੈ।ਇਸ ਮੌਕੇ ਮਝੈਲ ਮਿਊਜ਼ਿਕ ਦੇ ਪ੍ਰਡਿਊਸਰ ਗੁਰਜੰਟ ਸਿੰਘ ਗਿੱਲ ਅਤੇ ਮੈਨੇਜਰ ਸੇਖੋਂ ਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਸਾਨੂੰ ਦੇਸ਼-ਵਿਦੇਸ਼ ਦੇ ਸਰੋਤਿਆਂ ਅਤੇ ਸੱਜਣਾਂ ਵੱਲੋਂ ਬਹੁਤ ਹੀ ਵਧੀਆ ਹੁੰਗਾਰਾ ਮਿਲ ਰਿਹਾ ਹੈ। ਲੱਕੀ ਚੋਹਲਾ ਨੇ ਹਮੇਸ਼ਾ ਹੀ ਆਪਣੀ ਗਾਇਕੀ ਰਾਹੀਂ ਸਮਾਜ ਅਤੇ ਧਰਮ ਪ੍ਰਤੀ ਇੱਕ ਸਾਰਥਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਇਸ ਧਾਰਮਿਕ ਭੇਂਟ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ 'ਦਿਵਿਆ ਚੈਨਲ' ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ। ਇਸ ਭੇਂਟ ਦੀ ਸਫ਼ਲਤਾ ਅਤੇ ਟੀਵੀ ਚੈਨਲ 'ਤੇ ਪ੍ਰਸਾਰਣ ਹੋਣ 'ਤੇ ਇਲਾਕਾ ਨਿਵਾਸੀਆਂ ਅਤੇ ਸੰਗੀਤ ਪ੍ਰੇਮੀਆਂ ਵੱਲੋਂ ਲੱਕੀ ਚੋਹਲਾ ਅਤੇ ਮਝੈਲ ਮਿਊਜ਼ਿਕ ਕੰਪਨੀ ਦੀ ਪੂਰੀ ਟੀਮ ਨੂੰ ਲਗਾਤਾਰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।




